## ਭਾਗ 3

# ਮਨੁੱਖੀ ਸੇਵਾਵਾਂ ਵਿੱਚ ਕਾਰਜ ਕਰਨਾ




© NCERT not to be republished

ਮਨੁੱਖੀ ਸੇਵਾਵਾਂ ਲੋਕਾਂ ਦੀ ਸੇਵਾ ਕਰਨ ਅਤੇ ਉਹਨਾਂ ਨਾਲ਼ ਵੱਖ-ਵੱਖ ਤਰੀਕਿਆਂ ਨਾਲ਼ ਸੰਪਰਕ ਕਰਨ ਬਾਰੇ ਹੁੰਦੀਆਂ ਹਨ। ਮਨੁੱਖੀ ਸੇਵਾਵਾਂ ਦੇ ਪ੍ਰੋਜੈਕਟ ਤੁਹਾਨੂੰ ਸਿਖਾਉਂਦੇ ਹਨ ਕਿ ਲੋਕਾਂ ਨਾਲ਼ ਕੰਮ ਕਿਵੇਂ ਕਰਨਾ ਹੈ। ਤੁਸੀਂ ਆਪਣੇ ਅਤੇ ਆਪਣੇ ਪਰਿਵਾਰ ਦੀ ਸਿਹਤ ਦੀ ਦੇਖਭਾਲ਼ ਨਾਲ਼ ਸੰਬੰਧਿਤ ਪ੍ਰੋਜੈਕਟ ਲੈ ਸਕਦੇ ਹੋ। ਤੁਸੀਂ ਵੱਖ-ਵੱਖ ਵਿਸ਼ਿਆਂ ’ਤੇ ਦਿਲਚਸਪ ਵੀਡੀਓ ਅਤੇ ਆਡੀਓ ਕਲਿੱਪ ਵੀ ਤਿਆਰ ਕਰ ਸਕਦੇ ਹੋ, ਜਿਵੇਂ ਪਰਿਵਾਰ ਲਈ ਵਿੱਤੀ ਯੋਜਨਾ ਬਣਾਉਣਾ। ਲੋਕਾਂ ਦੇ ਹੱਥਾਂ ਤੇ ਮਹਿੰਦੀ ਲਗਾਉਣਾ ਜਾਂ ਹਾਸ-ਵਿਅੰਗ ਦੀਆਂ ਕਿਤਾਬਾਂ ਤਿਆਰ ਕਰਨਾ; ਇਹ ਤੁਹਾਡੇ ਉੱਤੇ ਹੈ ਕਿ ਤੁਸੀਂ ਆਪਣੇ ਸਾਥੀਆਂ ਨਾਲ਼ ਕੀ ਕੁਝ ਕਰ ਸਕਦੇ ਹੋ ਇਸ ਬਾਰੇ ਸੋਚੋ।

ਇਸ ਭਾਗ ਵਿੱਚ ਪ੍ਰੋਜੈਕਟ ਦੀਆਂ ਦੋ ਉਦਾਹਰਣਾਂ ਦਿੱਤੀਆਂ ਗਈਆਂ ਹਨ, ਜੋ ਕਿ ਕਹਾਣੀ, ਕਠਪੁਤਲੀ ਅਤੇ ਪਰਿਵਾਰਕ ਸਿਹਤ ਸੰਬੰਧਿਤ ਪੁਸਤਕਾਂ ਹਨ। ਤੁਹਾਨੂੰ ਸਿਰਫ਼ ਇੱਕ ਪ੍ਰੋਜੈਕਟ ਲੈਣਾ ਹੈ। ਤੁਸੀਂ ਇਹਨਾਂ ਵਿੱਚੋਂ ਕੋਈ ਇੱਕ ਚੁਣ ਸਕਦੇ ਹੋ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ ਆਪਣਾ ਪ੍ਰੋਜੈਕਟ ਤਿਆਰ ਕਰ ਸਕਦੇ ਹੋ।

© NCERT not to be republished

ਪ੍ਰੋਜੈਕਟ 5

# ਕਠਪੁਤਲੀਆਂ ਨਾਲ਼ ਕਹਾਣੀ ਸੁਣਾਉਣਾ

0785CH05

ਇਹ ਪ੍ਰੋਜੈਕਟ ਤੁਹਾਨੂੰ ਕਠਪੁਤਲੀਆਂ ਦੁਆਰਾ ਕਹਾਣੀਆਂ ਸੁਣਾਉਣ ਵਿੱਚ ਸਹਾਇਤਾ ਕਰੇਗਾ। ਇਸ ਪ੍ਰੋਜੈਕਟ ਨਾਲ਼ ਤੁਸੀਂ ਕਹਾਣੀ ਲਿਖਣਾ, ਕਠਪੁਤਲੀਆਂ ਬਣਾਉਣਾ ਅਤੇ ਪਿਛੋਕੜ ਵਿਚ ਸਹਾਈ ਹੋਣ ਵਾਲੀਆਂ ਗਤੀਵਿਧੀਆਂ, ਵਸਤਾਂ, ਅਵਾਜਾਂ ਅਤੇ ਰੋਸ਼ਨੀ ਨਾਲ਼ ਇੱਕ ਕਠਪੁਤਲੀ-ਸ਼ੋਅ ਪ੍ਰਸਤੁਤ ਕਰਨਾ ਸਿੱਖੋਗੇ।

***ਇਸ ਪ੍ਰੋਜੈਕਟ ਦੇ ਅੰਤ ਤੁਸੀਂ ਸਾਰੇ ਕਾਰਜ ਕਰਨ ਦੇ ਯੋਗ ਹੋ ਜਾਵੋਗੇ:***

- ਕਹਾਣੀ ਦੀ ਪਛਾਣ ਕਰਨ ਵਿੱਚ
- ਕਹਾਣੀ ਲਿਖਣ ਵਿੱਚ
- ਕਠਪੁਤਲੀ ਬਣਾਉਣ ਵਿੱਚ
- ਕਠਪੁਤਲੀ ਸ਼ੋਅ ਤਿਆਰ ਕਰ ਕੇ ਪ੍ਰਸਤੁਤ ਕਰਨ ਵਿੱਚ



**ਚਿੱਤਰ 5.1:** *ਕਠਪੁਤਲੀ ਸ਼ੋਅ ਦੇਖ ਰਹੇ ਵਿਦਿਆਰਥੀ*

© NCERT not to be republished

ਹਰ ਉਮਰ ਦੇ ਵਿਅਕਤੀ ਨੂੰ ਕਹਾਣੀਆਂ ਸੁਣਨਾ ਪਸੰਦ ਹੈ, ਉਹ ਭਾਵੇਂ ਨੌਜਵਾਨ ਹੋਣ ਜਾਂ ਬਜ਼ੁਰਗ। ਕਹਾਣੀ ਸੁਣਨ ਅਤੇ ਸੁਣਾਉਣ ਦੀ ਪਰੰਪਰਾ ਪ੍ਰਾਚੀਨ ਸਮਿਆਂ ਤੋਂ ਚਲੀ ਆ ਰਹੀ ਹੈ, ਸਮੇਂ ਦੇ ਨਾਲ਼ ਇਸ ਦੇ ਕਈ ਵੱਖ-ਵੱਖ ਰੂਪ ਵਿਕਸਤ ਹੋਏ ਹਨ। ਮਹਾਰਾਸ਼ਟਰ ਦੇ ਛੱਤਰਪਤੀ ਸੰਭਾਜੀਨਗਰ (ਔਰੰਗਾਬਾਦ) ਵਿੱਚ ਅਜੰਤਾ ਗੁਫ਼ਾਵਾਂ ਦੀਆਂ ਚਿੱਤਰਕਲਾਵਾਂ, ਜੋ ਦੂਜੀ ਸਦੀ ਈਸਾ ਪੂਰਵ ਤੋਂ ਪੰਜਵੀਂ ਸਦੀ ਈਸਵੀ ਦੇ ਵਿਚਕਾਰ ਬਣੀਆਂ ਸਨ, ਕਹਾਣੀ ਪੇਸ਼ ਕਰਨ ਦੀ ਇੱਕ ਸ਼ਾਨਦਾਰ ਕਲਾਵਾਂ ਹਨ। ਇਹਨਾਂ ਚਿਤਰਾਂ ਵਿੱਚ ਜਾਤਕ ਕਥਾਵਾਂ ਦੀਆਂ ਕਹਾਣੀਆਂ ਦਰਸਾਈਆਂ ਗਈਆਂ ਹਨ।

ਭਾਰਤ ਵਿੱਚ ਮੌਖਿਕ ਰੂਪ ਵਿੱਚ ਕਹਾਣੀ ਸੁਣਾਉਣ ਦੀ ਪਰੰਪਰਾ ਰਹੀ ਹੈ, ਜੋ ਅੱਜ ਤੱਕ ਬੰਗਲਾ ਵਿੱਚ ਬਾਉਲ , ਉਰਦੂ ਵਿੱਚ ਦਸਤਾਨਗੋਈ, ਵੱਖ-ਵੱਖ ਭਾਸ਼ਾਵਾਂ ਵਿੱਚ *ਕਥਾ,* ਰਾਜਸਥਾਨ ਵਿੱਚ ਕਵਾਦ, ਕੇਰਲ ਅਤੇ ਕਰਨਾਟਕ ਵਿੱਚ ਯਕਸ਼ਗਾਨਾ ਅਤੇ ਦੇਸ਼ ਭਰ ਵਿੱਚ ਰਾਮ ਲੀਲਾ ਰਾਹੀਂ ਜਾਰੀ ਹੈ। ਕਾਵੜ ਨੂੰ ਇੱਕ ਲੱਕੜ ਦੇ ਮੰਦਰ ਦੀ ਵਰਤੋਂ ਕਰਕੇ ਬਿਆਨ ਕੀਤਾ ਗਿਆ ਹੈ ਜੋ ਕਹਾਣੀ ਦੇ ਸਾਹਮਣੇ ਆਉਣ ਨਾਲ਼ ਖੁੱਲ੍ਹਦਾ ਹੈ। ਯਕਸ਼ਗਾਨਾ ਅਤੇ ਰਾਮ ਲੀਲਾ ਸੰਵਾਦ ਦੇ ਨਾਲ਼-ਨਾਲ਼ ਸੰਗੀਤ, ਮਾਸਕ ਅਤੇ ਪੁਸ਼ਾਕਾਂ ਦੀ ਵਰਤੋਂ ਕਰਦੇ ਹਨ। ਰਵਾਇਤੀ ਤੌਰ ਉੱਤੇ, ਇਹ ਪ੍ਰਦਰਸ਼ਨ ਬਿਨ੍ਹਾਂ ਕਿਸੇ ਲਿਖਤ ਕਥਾ ਦੇ ਕੀਤੇ ਜਾਂਦੇ ਸਨ।



**ਚਿੱਤਰ 5.2:** *ਪਰਸ਼ਾਵਾ ਪੁਤਲਾ ਪ੍ਰਦਰਸ਼ਨ ਵਿੱਚ ਰੌਸ਼ਨੀ ਅਤੇ ਕਠਪੁਤਲੀਆਂ ਦੇ ਪਰਛਾਂਵੇ ਦੀ ਵਰਤੋਂ ਕਰਕੇ ਪੁਰਾਣੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਅਕਸਰ ਸਾਡੇ ਪੁਰਾਣੇ ਮਹਾਕਾਵਿ ਦੀਆਂ ਕਥਾਵਾਂ ਹੁੰਦੀਆਂ ਹਨ।*

ਕਹਾਣੀਆਂ ਨੂੰ ਪੇਸ਼ ਕਰਨ ਦੇ ਰੂਪ ਸਮੇਂ ਦੇ ਨਾਲ਼ ਬਦਲਦੇ ਰਹਿੰਦੇ ਹਨ। ਆਧੁਨਿਕ ਸਮੇਂ ਵਿੱਚ ਲਿਖਣ ਨੂੰ ਕਹਾਣੀ ਕਹਿਣ ਦਾ ਇੱਕ ਲੋਕਪ੍ਰਿਯ ਸਾਧਨ ਮੰਨਿਆ ਜਾਂਦਾ ਹੈ। ਲਿੱਖਣ ਦੇ ਨਾਲ਼-ਨਾਲ਼ ਫੋਟੋਗ੍ਰਾਫੀ, ਸਿਨੇਮਾ, ਐਨੀਮੇਸ਼ਨ ਅਤੇ ਕਈ ਹੋਰ ਰੂਪਾਂ ਦੀ ਵਰਤੋਂ ਕਹਾਣੀ ਸੁਣਾਉਣ ਲਈ ਕੀਤੀ ਜਾਂਦੀ ਹੈ।

ਅਫ਼ਸੋਸ ਦੀ ਗੱਲ ਹੈ ਕਿ ਕੁਝ ਰਵਾਇਤੀ ਰੂਪ ਅੱਜਕਲ ਇੰਨੇ ਪ੍ਰਸਿੱਧ ਨਹੀਂ ਹਨ ਜਿੰਨੇ ਉਹ ਕੁਝ ਦਹਾਕੇ ਪਹਿਲਾਂ ਤੱਕ ਸਨ, ਕੁਝ ਲੋਕ ਕਹਾਣੀ ਸੁਣਾਉਣ ਦੇ ਵਧੇਰੇ ਆਧੁਨਿਕ ਰੂਪਾਂ ਨੂੰ ਤਰਜੀਹ ਦਿੰਦੇ ਹਨ। ਪਰ ਇੱਕ ਰੂਪ ਜੋ ਕਹਾਣੀਆਂ ਸੁਣਾਉਣ ਲਈ ਕਾਇਮ ਰਿਹਾ ਹੈ ਉਹ ਹੈ ਕਠਪੁਤਲੀਆਂ ਦੀ ਵਰਤੋਂ ਕਰਨਾ ਅੱਜ ਵੀ ਪ੍ਰਚਲਿਤ ਹੈ (ਚਿੱਤਰ 5.1 ਅਤੇ 5.2)।

ਕਠਪੁਤਲੀ ਮਨੁੱਖੀ ਜਾਂ ਜਾਨਵਰਾਂ ਦੇ ਆਕਾਰ ਵਾਲੀਆਂ ਆਕ੍ਰਿਤੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪੁਤਲੀ ਕਲਾਕਾਰਾਂ ਦੁਆਰਾ ਪ੍ਰਦਸ਼ਿਤ ਕੀਤਾ ਜਾਂਦਾ ਹੈ। ਇਸ ਲਈ, ਇੱਕ ਸ੍ਵੈ-ਚਾਲਕ ਗੁੱਡੀ ਨੂੰ ਕਠਪੁਤਲੀ ਨਹੀਂ ਮੰਨਿਆ ਜਾਵੇਗਾ ਪਰ ਜੇ ਇੱਕ ਜੁਰਾਬ ’ਤੇ ਅੱਖਾਂ, ਨੱਕ ਅਤੇ ਮੂੰਹ ਸੀਏ ਹੋਏ

© NCERT not to be republished

ਹੋਣ ਅਤੇ ਉਹ ਪੁਤਲੀ ਕਲਾਕਾਰ ਦੀ ਮਦਦ ਨਾਲ਼ ਚਲਾਇਆ ਜਾਏ, ਤਾਂ ਉਹ ਕਠਪੁਤਲੀ ਮੰਨੀ ਜਾਂਦੀ ਹੈ।

ਕਠਪੁਤਲੀ ਕਲਾ ਉਹ ਕਲਾ ਹੈ ਜਿਸ ਵਿੱਚ ਕਠਪੁਤਲੀਆਂ ਨੂੰ ਹੱਥਾਂ, ਡੰਡੀਆਂ ਜਾਂ ਧਾਗਿਆਂ ਦੀ ਮਦਦ ਨਾਲ਼ ਨਚਾ ਕੇ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਤੁਸੀਂ ਸ਼ਾਇਦ ਕਲਾ ਸਿੱਖਿਆ ਦੇ ਵਿਸ਼ੇ ਵਿੱਚ ਕਠਪੁਤਲੀਆਂ ਬਾਰੇ ਪਹਿਲਾਂ ਹੀ ਸਿੱਖਿਆ ਹੋਵੇਗਾ। ਤੁਸੀਂ ਇਹ ਵੀ ਜਾਣਿਆ ਹੋਵੇਗਾ ਕਿ ਸਾਡੇ ਦੇਸ਼ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਕਠਪੁਲੀਆਂ ਵਰਤੀਆਂ ਜਾਂਦੀਆਂ ਹਨ।

ਕਠਪੁਤਲੀ ਕਲਾ ਦਾ ਫਾਇਦਾ ਇਹ ਹੈ ਕਿ ਤੁਸੀਂ ਇੱਕ ਜਾਂ ਦੋ ਮਨੁੱਖਾਂ ਅਤੇ ਕੁੱਝ ਕਠਪੁਤਲੀਆਂ ਨਾਲ਼ ਵੀ ਇੱਕ ਪ੍ਰਦਰਸ਼ਨ ਕਰ ਸਕਦੇ ਹੋ। ਇਸ ਪ੍ਰਦਰਸ਼ਨ ਨੂੰ ਆਸਾਨੀ ਨਾਲ਼ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਲਿਜਾਇਆ ਜਾ ਸਕਦਾ ਹੈ ਅਤੇ ਵੱਖ- ਵੱਖ ਕਿਸਮ ਦੀਆਂ ਕਹਾਣੀਆਂ ਸੁਣਾਉਣ ਲਈ ਵਰਤਿਆ ਜਾ ਸਕਦਾ ਹੈ।

ਕਠਪੁਤਲੀ ਪ੍ਰਦਰਸ਼ਨ ਦਾ ਵਰਤਾਅ ਅਕਸਰ ਉਹਨਾਂ ਸੰਵੇਦਨਸ਼ੀਲ ਸਮਾਜਿਕ ਸੰਦੇਸ਼ਾਂ ਨੂੰ ਪਹੁੰਚਾਉਣ ਲਈ ਕੀਤਾ ਜਾਂਦਾ ਹੈ, ਜਿਸ ਬਾਰੇ ਲੋਕ ਆਮ ਤੌਰ 'ਤੇ ਗੱਲ ਕਰਨ ਤੋਂ ਹਿਚਕਿਚਾਉਂਦੇ ਹਨ ਜਾਂ ਦੂਰ ਰਹਿੰਦੇ ਹਨ। ਕਿਉਂਕਿ ਗੱਲ ਕਠਪੁਤਲੀ ਕਰ ਰਹੀ ਹੁੰਦੀ ਹੈ, ਇਨਸਾਨ ਨਹੀਂ, ਇਸ ਲਈ ਦਰਸ਼ਕ ਧਿਆਨ ਨਾਲ਼ ਸੁਣਦੇ ਹਨ ਅਤੇ ਕਈ ਵਾਰ ਉਹਨਾਂ ਗੱਲਾਂ 'ਤੇ ਹੱਸ ਕੇ ਸੋਚਦੇ ਹਨ ਜਿਹਨਾਂ ਨਾਲ਼ ਉਹ ਆਮ ਤੌਰ 'ਤੇ ਨਾਰਾਜ਼ ਹੋ ਸਕਦੇ ਸਨ। ਉਦਾਹਰਣ ਵਜੋਂ, ਕਠਪੁਤਲੀਆਂ ਦੀ ਮਦਦ ਨਾਲ਼ ਨਸ਼ੇ ਦੀ ਲਤ, ਅੰਧਵਿਸ਼ਵਾਸ ਅਤੇ ਹੋਰ ਸਮਾਜਕ ਬੁਰਾਈਆਂ ਬਾਰੇ ਚਰਚਾ ਕੀਤੀ ਗਈ ਹੈ। ਇਹ ਪ੍ਰਦਰਸ਼ਨ ਲੋਕਾਂ ਨੂੰ ਬੁਰਾਈਆਂ ਦੇ ਵਿਰੁੱਧ ਆਵਾਜ਼ ਚੁੱਕਣ ਅਤੇ ਸਮਾਜਕ ਬਦਲਾਅ ਲਈ ਪ੍ਰੇਰਿਤ ਕਰਨ ਦਾ ਸਾਧਨ ਬਣੇ ਹਨ।

### ਕੀ ਤੁਹਾਨੂੰ ਪਤਾ ਹੈ?

ਸਾਲ 2012 ਤੋਂ 2014 ਦੇ ਵਿਚਕਾਰ, ਪੁਰਾਤੱਤਵ ਵਿਗਿਆਨੀਆਂ ਨੇ ਰਾਜਸਥਾਨ ਦੇ ਕਰਣਪੁਰਾ ਖੇਤਰ ਵਿੱਚ ਖੁਦਾਈ ਕੀਤੀ, ਜੋ ਸਿੰਧੂ-ਸਰਸਵਤੀ ਸਭਿਆਚਾਰ ਨਾਲ਼ ਸੰਬੰਧਿਤ ਸਥਾਨ ਹੈ।–ਇਹ ਸਥਾਨ ਚੌਟਾਂਗ ਦਰਿਆ ਦੇ ਕੰਢੇ 'ਤੇ ਸਥਿਤ ਹੈ।

ਬਹੁਤ ਸਾਰੀਆਂ ਖੋਜਾਂ ਵਿੱਚੋਂ ਇੱਕ ਪੁਤਲੇ ਵਰਗਾ ਬਲ਼ਦ ਦਾ ਖਿਡੌਣਾ ਵੀ ਮਿਲ਼ਿਆ (ਚਿੱਤਰ 5.3)। ਭਾਵੇਂ ਇਸ ਦਾ ਸਿਰ ਗੁੰਮ ਹੋ ਗਿਆ ਹੈ, ਪਰ ਵਿਗਿਆਨੀਆਂ ਨੇ ਵੇਖਿਆ ਕਿ ਇਸ ਦੀ ਬਨਾਵਟ ਅਜਿਹੀ ਸੀ ਕਿ ਇਸ 'ਤੇ ਅਲੱਗ ਹੋਇਆ ਸਿਰ ਜੋੜਿਆ ਜਾ ਸਕਦਾ ਹੈ। ਇਸ ਵਿੱਚ ਦੋ ਛੋਟੀਆਂ ਨਾਲ਼ੀਆਂ ਵੀ ਹਨ ਜਿਨ੍ਹਾਂ ਵਿੱਚੋਂ ਧਾਗਾ ਪਾਕੇ ਸਿਰ ਨੂੰ ਹਿਲਾਇਆ ਜਾ ਸਕਦਾ ਸੀ।



**ਚਿੱਤਰ 5.3:** ਸਿਰ ਵਾਲ਼ੇ ਬਲ਼ਦ ਦੀ ਕਠਪੁਤਲੀ

© NCERT not to be republished

ਇਸ ਪ੍ਰੋਜੈਕਟ ਵਿੱਚ ਤੁਸੀਂ ਵੱਖ-ਵੱਖ ਤਰ੍ਹਾਂ ਦੀਆਂ ਕਠਪੁਤਲੀਆਂ ਬਣਾਵੋਗੇ ਅਤੇ ਕਠਪੁਤਲੀਆਂ ਦਾ ਪ੍ਰਦਰਸ਼ਨ ਪੇਸ਼ ਕਰੋਗੇ।

## ਮੈਂ ਕੀ ਕਰ ਸਕਦਾ/ਸਕਦੀ ਹਾਂ ?

ਪ੍ਰੋਜੈਕਟ ਦੇ ਅੰਤ ਵਿੱਚ, ਤੁਸੀਂ ਇਹ ਕਰਨ ਦੇ ਯੋਗ ਹੋਵੋਗੇ:

1. ਕਿਸੇ ਘਟਨਾ ਦੇ ਅਧਾਰ ਉੱਤੇ ਇੱਕ ਕਥਾ ਤਿਆਰ ਕਰਨਾ।
2. ਵੱਖ-ਵੱਖ ਕਿਸਮਾਂ ਦੀਆਂ ਸਮੱਗਰੀਆਂ ਦੀ ਵਰਤੋਂ ਕਰਕੇ ਕਠਪੁਤਲੀਆਂ ਬਣਾਉਣਾ।
3. ਕਹਾਣੀ ਦੇ ਅਨੁਸਾਰ ਸੰਗੀਤ, ਧੁਨੀ, ਰੋਸ਼ਨੀ ਅਤੇ ਅਵਾਜ਼ ਦੀ ਵਰਤੋਂ ਕਰਨਾ।
4. ਕਠਪੁਤਲੀ ਦੇ ਪ੍ਰਦਰਸ਼ਨ ਰਾਹੀਂ ਇੱਕ ਕਹਾਣੀ ਸੁਣਾਉਣਾ।

## ਮੈਨੂੰ ਕਿਸ ਚੀਜ਼ ਦੀ ਲੋੜ ਪਵੇਗੀ?

ਤੁਹਾਨੂੰ ਹੇਠ ਲਿਖੀਆਂ ਸਮੱਗਰੀਆਂ ਦੀ ਲੋੜ ਪਵੇਗੀ:

1. **ਕਠਪੁਤਲੀਆਂ ਬਣਾਉਣ ਲਈ:** ਚੱਪਲ, ਚੱਮਚ, ਟਹਿਣੀਆਂ, ਪੱਤੇ, ਤੂੜੀ , ਬਾਂਸ, ਪੁਰਾਣਾ ਕੱਪੜਾ, ਰਿਬਨ, ਕਾਂਟਾ, ਟੈਨਿਸ ਬਾਲ ਜਾਂ ਕੋਈ ਹੋਰ ਗੇਂਦ, ਰੰਗ, ਬੁਰਸ਼, ਪੈਲੇਟ, ਕਟਰ, ਕੈਂਚੀ, ਧਾਗਾ, ਸੂਈ, ਗੂੰਦ, ਟੇਪ, ਕਾਗਜ਼ ਦੀ ਟੇਪ ਇੱਕ ਲਿਖਣ ਲਈ ਚਾਰਟ, ਆਦਿ ਹੋਰ ਉਪਲਬਧ ਸਮੱਗਰੀ।
2. **ਕਠਪੁਤਲੀਆਂ ਨੂੰ ਚਲਾਉਣ ਲਈ:** ਡੋਰ, ਝਾੜੂ, ਚੋਪਸਟਿਕਸ ਜਾਂ ਕੋਈ ਹੋਰ ਉਪਲਬਧ ਸਮੱਗਰੀ।
3. **ਮੰਚ ਤਿਆਰ ਕਰਨ ਲਈ:** ਐਲੂਮੀਨੀਅਮ, ਗੱਤੇ, ਚਾਰਟ, ਜਾਂ ਕੋਈ ਹੋਰ ਉਪਲਬਧ ਸਮੱਗਰੀ।
4. **ਪ੍ਰਦਰਸ਼ਨ ਲਈ:** ਗੱਤੇ, ਲੱਕੜ ਦਾ ਬੁਰਾਦਾ, ਹਥੌੜਾ, ਕਿੱਲ, ਚਾਰਟ, ਬੈੱਡਸ਼ੀਟ, ਪੇਂਟ, ਟੇਬਲ ਕਲੋਥ, ਟਾਰਚ , ਦੀਵਾ, ਟੇਬਲ ਲੈਂਪ, ਸੰਗੀਤ ਦੇ ਯੰਤਰ, ਸਾਊਂਡ ਸਿਸਟਮਜਾਂ ਕੋਈ ਹੋਰ ਉਪਲਬਧ ਸਮੱਗਰੀ।

## ਮੈਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਕਿਵੇਂ ਸੁਰੱਖਿਅਤ ਰੱਖਾਂ?

ਪੁਤਲੀ ਪ੍ਰਦਰਸ਼ਨ ਦੀ ਰਚਨਾ ਕਰਨ ਅਤੇ ਇਸਨੂੰ ਪੇਸ਼ ਕਰਨ ਦੌਰਾਨ ਤੁਹਾਨੂੰ ਹੇਠਾਂ ਦਿੱਤੀਆਂ ਸਾਵਧਾਨੀਆਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ:

© NCERT not to be republished

1. ਕਿਰਪਾ ਕਰਕੇ ਉਪਕਰਣਾਂ ਦਾ ਨਿਰਦੇਸ਼ਾਂ ਅਨੁਸਾਰ ਸਹੀ ਪ੍ਰਯੋਗ ਕਰੋ ਅਤੇ ਜ਼ਰੂਰੀ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਕਰੋ।
2. ਇਹ ਸੰਭਵ ਹੈ ਕਿ ਤੁਹਾਡੇ ਕੰਮ ਵਾਲੀ ਥਾਂ ਵਿੱਚ ਬਹੁਤ ਸਾਰਾ ਕੱਚਾ ਮਾਲ ਅਤੇ ਅਧੂਰਾ ਤਿਆਰ ਕੰਮ ਹੋਵੇ। ਕਈ ਵਾਰ ਅਧੂਰਾ ਕਾਰਜ ਸੰਵੇਦਨਸ਼ੀਲ ਹੁੰਦਾ ਹੈ; ਦੁਰਘਟਨਾ ਜਾਂ ਅਣਚਾਹੇ ਨੁਕਸਾਨ ਤੋਂ ਬਚਾਅ ਲਈ ਸੁਰੱਖਿਅਤ ਢੰਗ ਨਾਲ਼ ਰੱਖਣਾ ਚਾਹੀਦਾ ਹੈ।
3. ਚੰਗੀ ਤਰ੍ਹਾਂ ਹਵਾਦਾਰ ਅਤੇ ਚੰਗੀ ਰੋਸ਼ਨੀ ਵਾਲੇ ਕਮਰੇ ਵਿੱਚ ਕੰਮ ਕਰੋ।
4. ਕਹਾਣੀ ਲਿੱਖਣ ਸਮੇਂ ਅਤੇ ਪ੍ਰਦਰਸ਼ਨ ਦੌਰਾਨ ਹੋਰਾਂ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਰਹੋ ਅਤੇ ਹਮੇਸ਼ਾਂ ਸਕਾਰਾਤਮਕ ਸੁਨੇਹੇ ਪ੍ਰਸਾਰਿਤ ਕਰੋ। ਜੇ ਤੁਸੀਂ ਆਪਣੀ ਕਹਾਣੀ ਲਈ ਵਾਸਤਵਿਕ ਜੀਵਨ ਤੋਂ ਪ੍ਰੇਰਣਾ ਲੈ ਰਹੇ ਹੋ, ਤਾਂ ਸੰਬੰਧਤ ਵਿਅਕਤੀਆਂ ਤੋਂ ਪਹਿਲਾਂ ਸਹਿਮਤੀ ਲੈਣੀ ਚਾਹੀਦੀ ਹੈ।

**ਇੰਟਰਨੈੱਟ ਸੁਰੱਖਿਆ:** ਇੰਟਰਨੈੱਟ ਦੀ ਵਰਤੋਂ ਕਰਦੇ ਸਮੇ ਅਧਿਆਪਕ ਦੀ ਮਦਦ ਲਵੋ। ਧਿਆਨ ਨਾਲ਼ ਵਰਤੋ ਅਤੇ ਕੁਝ ਵੀ ਅਪਲੋਡ ਜਾਂ ਡਾਊਨਲੋਡ ਨਾ ਕਰੋ। ਆਪਣੀ ਨਿੱਜੀ ਜਾਣਕਾਰੀ ਆਨਲਾਈਨ ਕਦੇ ਵੀ ਨਾ ਸਾਂਝੀ ਕਰੋ।

## ਮੈਨੂੰ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਕਿਹੜੀਆਂ ਗੱਲਾਂ ਦਾ ਗਿਆਨ ਰੱਖਣਾ ਚਾਹੀਦਾ ਹੈ?

ਤੁਹਾਡਾ ਕਹਾਣੀ ਸੁਣਾਉਣ ਅਤੇ ਕਠਪੁਤਲੀ ਬਣਾਉਣ ਬਾਰੇ ਸੋਚਣ ਤੋਂ ਪਹਿਲਾਂ ਇਹ ਸੋਚਣਾ ਜ਼ਰੂਰੀ ਹੈ ਕਿ ਤੁਹਾਡੇ ਕਠਪੁਤਲੀ ਪ੍ਰਦਰਸ਼ਨ ਵਿੱਚ ਲੋਕਾਂ ਦੀ ਦਿਲਚਸਪੀ ਕਿਸ ਵਿਚ ਹੋਵੇਗੀ।

### ਗਤੀਵਿਧੀ 1: ਕਿਹੜੀਆਂ ਚੀਜ਼ਾਂ ਕਹਾਣੀਆਂ ਨੂੰ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ?

ਉਨ੍ਹਾਂ ਕਹਾਣੀਆਂ ਬਾਰੇ ਸੋਚੋ ਜੋ ਤੁਸੀਂ ਵੱਖ-ਵੱਖ ਲੋਕਾਂ ਤੋਂ ਸੁਣੀਆਂ ਹਨ ਜਾਂ ਕਿਸੇ ਸਟੇਜ ਜਾਂ ਫਿਲਮ ਵਿੱਚ ਵੇਖੀਆਂ ਹਨ।

ਉਹ ਕਹਾਣੀ ਯਾਦ ਕਰੋ ਜੋ ਤੁਹਾਨੂੰ ਸਭ ਤੋਂ ਵੱਧ ਚੰਗੀ ਲੱਗੀ ਸੀ, ਜਿਸਨੂੰ ਤੁਸੀਂ ਵਾਰ-ਵਾਰ ਸੁਣਨਾ ਚਾਹੁੰਦੇ ਸੀ। ਸੋਚੋ ਕਿ ਉਸ ਕਹਾਣੀ ਦੀ ਕਿਹੜੀ ਗੱਲ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਸੀ।

1. ਕਹਾਣੀ ਕਿਸ ਨੇ ਸੁਣਾਈ?

   ..........................................................................................................

2. ਉਹਨਾਂ ਨੇ ਕਹਾਣੀ ਕਿਸ ਤਰੀਕੇ ਨਾਲ਼ ਸੁਣਾਈ ਸੀ? ਕੀ ਉਹ ਪੜ੍ਹ ਕੇ ਸੁਣਾਈ, ਕਾਵਿਆਤਮਕ ਢੰਗ ਨਾਲ਼ ਗਾ ਕੇ ਸੁਣਾਈ ਜਾਂ ਆਪਣੀ ਆਵਾਜ਼ ਬਦਲ ਕੇ ਸੁਣਾ ਰਹੇ ਸਨ? ਕੀ ਉਨ੍ਹਾਂ ਨੇ ਕੋਈ ਸਾਮਾਨ ਵਰਤਿਆ, ਆਵਾਜ਼ ਵਿੱਚ ਉਤਾਰ-ਚੜ੍ਹਾਅ ਕੀਤਾ,

© NCERT not to be republished

ਚਿਹਰੇ ਦੇ ਹਾਵ-ਭਾਵ ਬਦਲੇ ਜਦੋਂ ਉਹ ਕਹਾਣੀ ਬਿਆਨ ਕਰ ਰਹੇ ਸਨ?

.............................................................................................................

.............................................................................................................

.............................................................................................................

3. ਕਹਾਣੀ ਸੁਣਾਉਣ ਦੇ ਉਨ੍ਹਾਂ ਦੇ ਅੰਦਾਜ ਵਿੱਚ ਤੁਹਾਨੂੰ ਕੀ ਪਸੰਦ ਆਇਆ?

.............................................................................................................

.............................................................................................................

ਇੱਕ ਕਹਾਣੀ ਲਈ ਸਭ ਤੋਂ ਮਹੱਤਵਪੂਰਨ ਸ੍ਰੋਤਿਆਂ ਦਾ ਧਿਆਨ ਖਿੱਚਣਾ ਹੈ। ਆਪਣੇ ਸਾਥੀਆਂ ਨਾਲ਼ ਆਪਣੀਆਂ ਪ੍ਰਤੀਕਿਰਿਆਵਾਂ ਬਾਰੇ ਚਰਚਾ ਕਰੋ ਅਤੇ ਦੇਖੋ ਕੀ ਤੁਸੀਂ ਕੁਝ ਆਮ ਤੱਤਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਨੇ ਕਹਾਣੀ ਨੂੰ ਦਿਲਚਸਪ ਬਣਾਇਆ ਹੋਵੇ।

ਇਸ ਚਰਚਾ ਦੇ ਅਧਾਰ ਉੱਤੇ ਤੁਸੀਂ ਕੀ ਕਰੋਗੇ, ਤਾਂ ਜੋ ਕਹਾਣੀ ਨੂੰ ਸ੍ਰੋਤਿਆਂ ਲਈ ਦਿਲਚਸਪ ਬਣਾਇਆ ਜਾ ਸਕੇ?

.............................................................................................................

.............................................................................................................

.............................................................................................................

## ਗਤੀਵਿਧੀ 2: ਕਠਪੁਤਲੀ ਸ਼ੋਅ ਦਾ ਪ੍ਰਦਰਸ਼ਨ ਦੇਖਣਾ

ਤੁਸੀਂ ਦੇਖੋ, ਕੀ ਤੁਹਾਡੇ ਨੇੜੇ ਕੋਈ ਕਠਪੁਤਲੀ ਪ੍ਰਦਰਸ਼ਨ ਹੋ ਰਿਹਾ ਹੈ। ਜੇ ਨਹੀਂ, ਤਾਂ ਤੁਸੀਂ ਕਠਪੁਤਲੀ ਬਣਾਉਣ ਵਾਲੇ ਨੂੰ ਸਕੂਲ ਵਿੱਚ ਪ੍ਰਦਰਸ਼ਨ ਕਰਨ ਲਈ ਸੱਦਾ ਦੇ ਸਕਦੇ ਹੋ।

ਕਠਪੁਤਲੀ ਬਣਾਉਣ ਵਾਲਿਆਂ ਨਾਲ਼ ਕਠਪੁਤਲੀਆਂ ਦੀਆਂ ਕਿਸਮਾਂ ਬਾਰੇ ਚਰਚਾ ਕਰੋ। ਇਹ ਸਮਝੋ ਕਿ ਕਠਪੁਤਲੀ ਸੰਚਾਲਨ ਕਿਵੇਂ ਹੁੰਦਾ ਹੈ, ਉਨ੍ਹਾਂ ਦੇ ਕੱਪੜੇ ਕੌਣ ਦੇਖਦਾ ਹੈ,, ਕਠਪੁਤਲੀ ਨੂੰ ਫੜਨ ਦਾ ਤਰੀਕਾ ਅਤੇ ਸਭ ਤੋਂ ਮਹੱਤਵਪੂਰਨ, ਅਵਾਜ਼ ਸੰਬੋਧਨ ਹੈ। ਜੇ ਇਹ ਇੱਕ ਲਾਈਵ ਪ੍ਰਦਰਸ਼ਨ ਜਾਂ ਮਨੁੱਖੀ ਅਦਾਕਾਰਾਂ ਵਾਲ਼ਾ ਇੱਕ ਨਾਟਕ ਜਾਂ ਇੱਕ ਕਠਪੁਤਲੀ ਪ੍ਰਦਰਸ਼ਨ ਹੈ, ਤਾਂ ਸਟੇਜ ਦੀ ਵਿਵਸਥਾ, ਬੈਕਗਰਾਉਂਡ, ਆਵਾਜ਼ ਅਤੇ ਰੋਸ਼ਨੀ ਦਾ ਨਿਰੀਖਣ ਕਰੋ।

ਕਠਪੁਤਲੀ ਪ੍ਰਦਰਸ਼ਨ ਦੇਖਣ ਤੋਂ ਬਾਅਦ, ਕਿਰਪਾ ਕਰਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

1. ਕਠਪੁਤਲੀ ਪ੍ਰਦਰਸ਼ਨ ਦਾ ਨਾਮ ਕੀ ਸੀ? ਤੁਸੀਂ ਇਸ ਨੂੰ ਕਿੱਥੇ ਦੇਖਿਆ?

.............................................................................................................

.............................................................................................................

.............................................................................................................

not to be republished © NCERT

2. ਪ੍ਰਦਰਸ਼ਨ ਵਿੱਚ ਕਿਸ ਤਰ੍ਹਾਂ ਦੀਆਂ ਕਠਪੁਤਲੀਆਂ (ਜਿਵੇਂ- ਕਿ ਰਾਜਾ, ਸ਼ੇਰ, ਪੰਛੀ) ਦੀ ਵਰਤੋਂ ਕੀਤੀ ਗਈ ਸੀ? ਤੁਹਾਨੂੰ ਕੀ ਲੱਗਦਾ ਹੈ ਕਿ ਕਠਪੁਤਲੀਆਂ ਕਿਸ ਚੀਜ਼ ਦੀਆਂ ਬਣੀਆਂ ਹੋਈਆਂ ਸਨ?

..........................................................................................

..........................................................................................

..........................................................................................

3. ਕਠਪੁਤਲੀ ਬਣਾਉਣ ਵਾਲ਼ਾ ਕੀ ਕਰ ਰਿਹਾ ਸੀ? ਉਹ ਕਠਪੁਤਲੀ ਨੂੰ ਕਿਵੇਂ ਸੰਚਾਲਿਤ ਕਰ ਰਿਹਾ ਸੀ ? ਕੀ ਕਠਪੁਤਲੀ ਬਣਾਉਣ ਵਾਲੇ ਨੇ ਦਰਸ਼ਕਾਂ ਨਾਲ਼ ਗੱਲਬਾਤ ਕੀਤੀ ਜਾਂ ਕਠਪੁਤਲੀ ਨਾਲ਼? ਜੇ ਹਾਂ, ਤਾਂ ਕਿਵੇਂ?

..........................................................................................

..........................................................................................

..........................................................................................

4. ਕਠਪੁਤਲੀ ਸ਼ੋਅ ਦਾ ਪ੍ਰਦਰਸ਼ਨ ਤੋਂ ਦਿਲਚਸਪ ਦ੍ਰਿਸ਼ ਕਿਹੜਾ ਸੀ? ਤੁਹਾਨੂੰ ਇਹ ਦਿਲਚਸਪ ਕਿਉਂ ਲੱਗਿਆ?

..........................................................................................

..........................................................................................

..........................................................................................

5. ਕੀ ਪ੍ਰਦਰਸ਼ਨ ਨੂੰ ਦਿਲਚਸਪ ਬਣਾਉਣ ਲਈ ਅਵਾਜ਼, ਰੋਸ਼ਨੀ, ਬੈਕਗਰਾਉਂਡ ਜਾਂ ਹੋਰ ਕਿਸੇ ਚੀਜ਼ ਦੀ ਵਰਤੋਂ ਕੀਤੀ ਗਈ ਸੀ?

..........................................................................................

..........................................................................................

..........................................................................................

ਜੇਕਰ ਤੁਸੀਂ ਸਿੱਧਾ ਕਠਪੁਤਲੀ ਪ੍ਰਦਰਸ਼ਨ ਨਹੀਂ ਦੇਖ ਸਕਦੇ, ਤਾਂ ਤੁਸੀਂ 'ਕਠਪੁਤਲੀ ਪ੍ਰਦਰਸ਼ਨ + ਭਾਸ਼ਾ ਆਨਲਾਈਨ (ਆਪਣੀ ਪਸੰਦ ਦੀ ਭਾਸ਼ਾ) ਕੀ-ਵਰਡ ਦਾ ਉਪਯੋਗ ਕਰਕੇ ਉਸਦਾ ਵੀਡੀਓ ਦੇਖ ਸਕਦੇ ਹੋ।

## ਮੈਨੂੰ ਕੀ ਕਰਨਾ ਚਾਹੀਦਾ ਹੈ?

ਕਠਪੁਤਲੀ ਸ਼ੋਅ ਲਗਾਉਣ ਵੱਲ ਪਹਿਲਾ ਕਦਮ ਇੱਕ ਕਹਾਣੀ ਦੀ ਪਛਾਣ ਕਰਨਾ ਅਤੇ ਇੱਕ ਸਕ੍ਰਿਪਟ ਲਿਖਣਾ ਹੈ। ਇੱਕ ਵਾਰ ਅਜਿਹਾ ਕਰਨ ਤੋਂ ਬਾਅਦ, ਤੁਹਾਨੂੰ ਕਹਾਣੀ ਦੇ ਪਾਤਰਾਂ ਅਨੁਸਾਰ ਕਠਪੁਤਲੀਆਂ ਬਣਾਉਣੀਆਂ ਪੈਣਗੀਆਂ ਅਤੇ ਫਿਰ ਕਠਪੁਤਲੀ ਸ਼ੋਅ ਨੂੰ ਡਿਜ਼ਾਈਨ ਕਰਨਾ ਪਵੇਗਾ। ਅੰਤ ਵਿੱਚ, ਤੁਹਾਨੂੰ ਮੰਚ ਸਥਾਪਤ ਕਰ ਕੇ ਪ੍ਰਸਤੁਤੀ ਦੇਣੀ ਪਵੇਗੀ।

© NCERT not to be republished

## ਗਤੀਵਿਧੀ 3: ਕਹਾਣੀ ਲਿਖਣ ਦੀ ਚੋਣ

ਕਠਪੁਤਲੀਆਂ ਬਣਾਉਣਾ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਨੂੰ ਇਸ ਗੱਲ ਦੀ ਸਪੱਸ਼ਟ ਸਮਝ ਹੋਣੀ ਚਾਹੀਦੀ ਹੈ ਕਿ ਤੁਸੀਂ ਕਿਹੜੀ ਕਹਾਣੀ ਪੇਸ਼ ਕਰਨੀ ਹੈ।"

ਤੁਸੀਂ ਸਕੂਲ ਦੀ ਲਾਇਬਰੇਰੀ ਵਿੱਚ ਜਾ ਸਕਦੇ ਹੋ ਅਤੇ ਸਮਝਣ ਲਈ ਕਿਤਾਬਾਂ ਪੜ੍ਹ ਸਕਦੇ ਹੋ। ਜਾਂ ਤੁਸੀਂ ਕਿਸੇ ਅਜਿਹੀ ਚੀਜ਼ ਦੀ ਵਰਤੋਂ ਕਰ ਸਕਦੇ ਹੋ ਜਿਸ ਬਾਰੇ ਤੁਸੀਂ ਹੋਰ ਵਿਸ਼ਿਆਂ ਵਿੱਚ ਸਿੱਖ ਰਹੇ ਹੋ, ਜਿਵੇਂ ਕਿ ਭਾਸ਼ਾ ਦੀ ਕਹਾਣੀ, ਕਵਿਤਾ, ਵਿਗਿਆਨ ਜਾਂ ਸਮਾਜਿਕ ਵਿਗਿਆਨ ਵਿੱਚ ਕੋਈ ਇਤਿਹਾਸਕ ਘਟਨਾ। ਤੁਸੀਂ ਇੱਕ ਕਹਾਣੀ ਵੀ ਚੁਣ ਸਕਦੇ ਹੋ ਜੋ ਤੁਹਾਡੇ ਦਾਦਾ-ਦਾਦੀ ਤੁਹਾਨੂੰ ਦੱਸਦੇ ਹਨ। ਵਿਕਲਪ ਦੇ ਤੌਰ ਉੱਤੇ, ਤੁਸੀਂ ਸਮਾਜਿਕ ਮੁੱਦਿਆਂ ਨੂੰ ਧਿਆਨ ਵਿੱਚ ਰੱਖ ਕੇ ਕਠਪੁਤਲੀ ਸ਼ੋਅ ਤਿਆਰ ਕਰਨ ਬਾਰੇ ਸੋਚ ਸਕਦੇ ਹੋ। ਜਿਵੇਂ "*ਸਵੱਛ ਭਾਰਤ*", ਪੋਲੀਓ ਟੀਕਾਕਰਣ ਜਾਂ ਨਾਗਰਿਕਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਵਰਗੇ ਵਿਸ਼ਿਆਂ ਉੱਪਰ ਇੱਕ ਕਠਪੁਤਲੀ ਸ਼ੋਅ ਤਿਆਰ ਕਰਨ ਬਾਰੇ ਸੋਚ ਸਕਦੇ ਹੋ।

ਯਾਦ ਰੱਖੋ, ਤੁਹਾਨੂੰ ਕਠਪੁਤਲੀਆਂ ਬਣਾਉਣੀਆਂ ਹਨ, ਸਕ੍ਰਿਪਟ ਲਿਖਣੀ ਹੈ ਅਤੇ ਉਸ ਨੂੰ ਪ੍ਰਸਤੁਤ ਕਰਨਾ ਹੈ। ਇਸ ਲਈ ਤੁਹਾਡੀ ਕਹਾਣੀ ਛੋਟੀ ਅਤੇ ਸਰਲ ਹੋਣੀ ਚਾਹੀਦੀ ਹੈ, ਪਰ ਇਸ ਵਿੱਚ ਕੁਝ ਨਾਟਕੀ ਭਾਵ ਹੋਣਾ ਚਾਹੀਦਾ ਹੈ।

ਤੁਸੀਂ ਕਿਹੜੀ ਕਹਾਣੀ ਚੁਣੀ ਅਤੇ ਕਿਉਂ?

..................................................................................................

..................................................................................................

..................................................................................................

ਇਸ ਤੋਂ ਬਾਅਦ, ਤੁਹਾਨੂੰ ਕਹਾਣੀ ਦੇ ਮੁੱਖ ਤੱਤਾਂ ਦੀ ਪਛਾਣ ਕਰਨ ਦੀ ਜ਼ਰੂਰਤ ਹੈ। ਸਾਰਣੀ 5.1 ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰੇਗੀ।

**ਸਾਰਣੀ 5.1: ਚੁਣੀ ਹੋਈ ਕਹਾਣੀ ਦੇ ਮੁੱਖ ਤੱਤ**

| ਪ੍ਰਸ਼ਨ | ਕਹਾਣੀ ਦੇ ਆਧਾਰ ਉੱਤੇ ਉੱਤਰ |
|---|---|
| ਕਹਾਣੀ ਕਿਸ ਬਾਰੇ ਹੈ? | |
| ਇਸ ਦਾ ਸਿਰਲੇਖ ਕੀ ਹੈ? | |
| ਕਹਾਣੀ ਦੇ ਪਾਤਰ ਕੌਣ ਹਨ? ਉਹਨਾਂ ਦਾ ਸੰਖੇਪ ਵਰਣਨ ਕਰੋ। | |
| ਕਹਾਣੀ ਦਾ ਸਥਾਨ ਕਿੱਥੇ ਹੈ? | |

© NCERT not to be republished

| | |
|---|---|
| ਕੀ ਕਹਾਣੀ ਦੇ ਅੱਗੇ ਵਧਣ ਦੇ ਨਾਲ਼ ਸਥਾਨ ਵਿੱਚ ਤਬਦੀਲੀ ਆਉਂਦੀ ਹੈ? | |
| ਕਹਾਣੀ ਦੀ ਮੁੱਖ ਗੱਲ ਕੀ ਹੈ? | |
| ਮੁੱਖ ਘਟਨਾਵਾਂ ਦਾ ਕ੍ਰਮ ਲਿਖੋ। | |
| ਕਹਾਣੀ ਦਾ ਮੁੱਖ ਸੰਦੇਸ਼ ਕੀ ਹੈ? | |

## ਗਤੀਵਿਧੀ 4: ਕਠਪੁਤਲੀ ਸ਼ੋਅ ਲਈ ਸਕ੍ਰਿਪਟ ਲਿਖਣਾ

ਜਦੋਂ ਅਸੀਂ ਕੋਈ ਲਾਈਵ ਪ੍ਰਦਰਸ਼ਨ ਜਾਂ ਫ਼ਿਲਮ ਦੇਖਦੇ ਹਾਂ, ਤਾਂ ਉਸ ਵਿੱਚ ਸੰਵਾਦ, ਦ੍ਰਿਸ਼ਾਂ ਦਾ ਪਰਿਵਰਤਨ, ਸੰਗੀਤ, ਅਭਿਨੈ ਅਤੇ ਹੋਰ ਕਈ ਤੱਤ ਸ਼ਾਮਲ ਹੁੰਦੇ ਹਨ। ਇਹ ਸਿਰਫ਼ ਕਹਾਣੀ ਸੁਣਾਉਣਾ ਨਹੀਂ ਉਸ ਤੋਂ ਕਾਫ਼ੀ ਵੱਧ ਹੁੰਦਾ ਹੈ। ਕਹਾਣੀ ਨੂੰ ਮੰਚ ਜਾਂ ਫ਼ਿਲਮ ਦੇ ਰੂਪ ਵਿੱਚ ਲਿਆਉਣ ਲਈ ਸਕ੍ਰਿਪਟ ਤਿਆਰ ਕੀਤੀ ਜਾਂਦੀ ਹੈ।

ਇੱਕ ਸਕ੍ਰਿਪਟ ਵਿੱਚ ਪਾਤਰਾਂ ਦੇ ਦ੍ਰਿਸ਼ਾਂ, ਸੰਵਾਦਾਂ ਅਤੇ ਭਾਵਨਾਵਾਂ ਦਾ ਕਦਮ-ਦਰ-ਕਦਮ ਪ੍ਰਵਾਹ ਹੁੰਦਾ ਹੈ। ਇਸ ਵਿੱਚ ਵੇਰਵੇ ਵੀ ਹੁੰਦੇ ਹਨ, ਜਿਵੇਂ ਕਿ ਹਰੇਕ ਦ੍ਰਿਸ਼ ਦੌਰਾਨ ਕਠਪੁਤਲੀ ਦੀ ਸਥਿਤੀ ਅਤੇ ਗਤੀ। ਛੋਟੇ ਗੀਤ ਜਾਂ ਕਵਿਤਾਵਾਂ, ਰੋਸ਼ਨੀ ਅਤੇ ਧੁਨੀ ਪ੍ਰਭਾਵ, ਆਦਿ ਵਰਗੇ ਤੱਤ ਸਕ੍ਰਿਪਟ ਵਿੱਚ ਜ਼ਿਕਰ ਕੀਤੇ ਜਾਣੇ ਚਾਹੀਦੇ ਹਨ। ਬੋਲਣ ਦੀ ਸ਼ੈਲੀ ਵੀ ਸਾਫ਼ ਹੋਣੀ ਚਾਹੀਦੀ ਹੈ ਜਿਵੇਂ ਕਿ ਕੁਦਰਤੀ, ਆਮ, ਰਸਮੀ, ਹੁਕਮਭਰੀ ਜਾਂ ਨਰਮ ਸੁਭਾਵ ਵਾਲੀ, ਜੋ ਕਿਰਦਾਰ ਅਤੇ ਦ੍ਰਿਸ਼ ਦੇ ਮਾਹੌਲ ਦੇ ਅਨੁਸਾਰ ਹੁੰਦੀ ਹੈ।

ਐਸੀ ਕਹਾਣੀ ਚੁਣਨ ਦੀ ਕੋਸ਼ਿਸ਼ ਕਰੋ ਜਿਸ ਵਿੱਚ–ਘੱਟ ਤੋਂ ਘੱਟ 2-3 ਕਿਰਦਾਰ ਹੋਣ। ਇਹ ਕਿਰਦਾਰ ਕਹਾਣੀ ਦੇ ਅਨੁਸਾਰ – ਜਾਨਵਰ, ਮਨੁੱਖ ਜਾਂ ਐਲੀਅਨ ਆਦਿ ਹੋ ਸਕਦੇ ਹਨ।

ਸਕ੍ਰਿਪਟ ਲਿਖਣ ਦਾ ਤਰੀਕਾ ਸਮਝਾਉਣ ਲਈ ਇੱਕ ਕਹਾਣੀ ਦਾ ਉਦਾਹਰਣ ਦਿੱਤਾ ਗਿਆ ਹੈ 'ਗੋਪਾਲ ਅਤੇ *ਹਿਲਸਾ ਮੱਛੀ*'। ਇਹ ਕਹਾਣੀ ਇੱਕ ਰਾਜੇ ਬਾਰੇ ਹੈ ਜੋ ਦਰਬਾਰ ਵਿੱਚ ਕਿਸੇ ਨੂੰ ਵੀ ਹਿਲਸਾ ਮੱਛੀ ਬਾਰੇ ਗੱਲ ਕਰਨਾ ਪਸੰਦ ਨਹੀਂ ਕਰਦਾ। ਰਾਜਾ ਆਪਣੇ ਦਰਬਾਰੀ ਗੋਪਾਲ ਨੂੰ ਇਹ ਚੁਣੌਤੀ ਦਿੰਦਾ ਹੈ ਕਿ ਉਹ ਇੱਕ ਵੱਡੀ ਹਿਲਸਾ ਮੱਛੀ ਖਰੀਦ ਕੇ ਮਹਿਲ ਵਿੱਚ ਲਿਆਵੇ, ਪਰ ਰਸਤੇ ਵਿੱਚ ਕੋਈ ਵੀ ਉਸ ਮੱਛੀ ਬਾਰੇ ਗੱਲ ਨਾ ਕਰੇ। ਗੋਪਾਲ ਇਹ ਚੁਣੌਤੀ ਸਵੀਕਾਰ ਕਰ ਲੈਂਦਾ ਹੈ। ਉਹ ਆਪਣੀ ਅੱਧੀ ਦਾੜ੍ਹੀ ਸਾੜ ਲੈਂਦਾ ਹੈ ਅਤੇ ਆਪਣੇ ਸਰੀਰ 'ਤੇ ਰਾਖ ਲਾ ਲੈਂਦਾ ਹੈ। ਉਸਦੀ ਅਜੀਬ ਦਿੱਖ ਦੇਖ ਕੇ ਲੋਕ ਇੰਨੇ ਹੈਰਾਨ ਹੋ ਜਾਂਦੇ ਹਨ ਕਿ ਕੋਈ ਵੀ ਉਸਦੇ ਹੱਥ ਵਿਚਲੀ ਵੱਡੀ ਹਿਲਸਾ ਮੱਛੀ ਬਾਰੇ ਗੱਲ ਨਹੀਂ ਕਰਦਾ।

© NCERT not to be republished

**ਸਾਰਣੀ 5.2: ਗੋਪਾਲ ਅਤੇ *ਹਿਲਸਾ* ਮੱਛੀ ਦਾ ਸਕ੍ਰਿਪਟ**

| ਲੜੀ ਅੰਕ | ਪਾਤਰ | ਸੰਵਾਦ ਅਤੇ ਸ਼ੈਲੀ | ਲੋੜੀਂਦੇ ਰੰਗਮੰਚ ਸਮੱਗਰੀ | ਵਿਸ਼ੇਸ਼ ਪ੍ਰਭਾਵ (ਉਦਾਹਰਣ ਲਈ, ਰੋਸ਼ਨੀ ਅਤੇ ਆਵਾਜ਼) |
|---|---|---|---|---|
| | **ਦ੍ਰਿਸ਼ 1: ਦਰਬਾਰ ਦਾ ਦ੍ਰਿਸ਼ ਜਿਸ ਵਿੱਚ ਰਾਜਾ ਸਿੰਘਾਸਣ ਉੱਤੇ ਬੈਠਾ ਹੋਇਆ ਹੈ ਅਤੇ ਗੋਪਾਲ ਉਸ ਦੇ ਸਾਹਮਣੇ ਖੜ੍ਹਾ ਹੈ।**<br>**ਬੈਕਗਰ ਵਿੱਚ ਇੱਕ ਸੁੰਦਰ ਹਾਲ ਦਿੱਸ ਰਿਹਾ ਹੈ, ਜਿਸ ਦੀਆਂ ਦੀਵਾਰਾਂ 'ਤੇ ਚਿੱਤਰਕਲਾਵਾਂ ਸਜੀਆਂ ਹੋਈਆਂ ਹਨ।** | | | |
| 1 | ਰਾਜਾ | (*ਸ਼ਿਕਾਇਤ ਕਰਦੇ ਹੋਏ*): ਮੈਂ ਲੋਕਾਂ ਨੂੰ ਹਿਲਸਾ ਮੱਛੀ ਬਾਰੇ ਗੱਲਾਂ ਕਰਦੇ ਸੁਣ ਕੇ ਤੰਗ ਆ ਗਿਆ ਹਾਂ। | ਰਾਜੇ ਲਈ ਸਿੰਘਾਸਣ (ਗੱਤੇ ਦਾ ਬਣਿਆ ਹੋਇਆ ਅਤੇ ਸੋਨੇ ਦੇ ਰੰਗ ਨਾਲ਼ ਪੇਂਟ ਕੀਤਾ ਗਿਆ) | |
| 2 | ਗੋਪਾਲ | (*ਧੀਰਜ ਨਾਲ਼*): ਉਹ ਥੱਕ ਕੇ ਆਪ ਹੀ ਰੁਕ ਜਾਣਗੇ। | | |
| 3 | ਰਾਜਾ | (*ਬੇਸਬਰੀ ਨਾਲ਼*): ਕਦੋਂ! | | |
| 4 | ਗੋਪਾਲ | (*ਸ਼ਾਂਤ ਆਵਾਜ਼ ਵਿੱਚ*): ਜਿਵੇਂ ਹੀ ਕੁਝ ਹੋਰ ਆ ਜਾਵੇਗਾ। | | |
| 5 | ਰਾਜਾ | (*ਗੁੱਸੇ ਵਿੱਚ*): ਗੋਪਾਲ! ਮੇਰੇ ਨਾਲ਼ ਬਹਿਸ ਨਾ ਕਰੋ। ਮੈਂ ਤੁਹਾਨੂੰ ਚੁਣੌਤੀ ਦਿੰਦਾ ਹਾਂ ਕਿ ਤੁਸੀਂ ਬਿਨ੍ਹਾਂ ਕਿਸੇ ਨੂੰ ਪਤਾ ਲੱਗੇ ਦਰਬਾਰ ਵਿੱਚ ਇੱਕ ਵੱਡੀ ਹਿਲਸਾ ਮੱਛੀ ਲੈ ਕੇ ਆਓ। ਇਸ ਬਾਰੇ ਕੋਈ ਗੱਲ ਵੀ ਨਾ ਕਰੇ। | | ਲੱਕੜ ਵਾਲੀ ਸਤਹ 'ਤੇ ਹੱਥ ਮਾਰਨ ਦੀ ਆਵਾਜ਼ |
| 6 | ਗੋਪਾਲ | (*ਹੇਠਾਂ ਝੁਕਦੇ ਹੋਏ*): ਮੈਂ ਚੁਣੌਤੀ ਸਵੀਕਾਰ ਕਰਦਾ ਹਾਂ, ਮਹਾਰਾਜ। | | ਤੁਰ੍ਹੀ ਦੀ ਆਵਾਜ਼ (ਇੱਕ ਤੁਰ੍ਹੀ ਦਾ ਖਿਡੌਣਾ ਜਾਂ ਕਿਸੇ ਵਿਅਕਤੀ ਦੁਆਰਾ ਬਣਾਈ ਗਈ ਆਵਾਜ਼ ਹੋ ਸਕਦੀ ਹੈ) |
| **ਦ੍ਰਿਸ਼ 2** | | | | |
| **ਬਜ਼ਾਰ**<br>ਬੈਕਗਰਾਉਂਡ ਵਿਚ ਇੱਕ ਬਜ਼ਾਰ ਦਾ ਦ੍ਰਿਸ਼ ਦਰਸਾਇਆ ਗਿਆ ਹੈ ਜਿਸ ਵਿਚ ਬਹੁਤ ਸਾਰੇ ਲੋਕ ਮੰਚ ਵੱਲ ਦੇਖ ਰਹੇ ਹਨ।<br>ਗੋਪਾਲ ਦੀ ਅੱਧੀ ਦਾੜ੍ਹੀ ਕੱਟੀ ਹੋਈ ਹੈ, ਉਸਦੇ ਸਰੀਰ 'ਤੇ ਰਾਖ਼ ਲੱਗੀ ਹੋਈ ਹੈ। ਉਸ ਦੇ ਸਰੀਰ 'ਤੇ ਰਾਖ਼ ਲੱਗੀ ਹੋਈ ਹੈ, ਉਸ ਦੇ ਹੱਥ ਵਿੱਚ ਇੱਕ ਵੱਡੀ ਹਿਲਸਾ ਮੱਛੀ ਹੈ।<br>ਸ਼ਹਿਰ ਦਾ ਇੱਕ ਹੋਰ ਵਿਅਕਤੀ ਖੜ੍ਹਾ ਹੈ ਅਤੇ ਹੈਰਾਨੀ ਨਾਲ਼ ਉਸ ਵੱਲ ਵੇਖ ਰਿਹਾ ਹੈ। | | | | |

© NCERT not to be republished

ਕਿਰਪਾ ਕਰਕੇ ਧਿਆਨ ਦਿਓ ਕਿ ਪੁਤਲੀਆਂ ਤੋਂ ਇਲਾਵਾ ਹੋਰ ਵੀ ਕਈ ਵਸਤੂਆਂ ਹੁੰਦੀਆਂ ਹਨ ਜੋ ਮੰਚ ‘ਤੇ ਵਰਤੀਆਂ ਜਾਂਦੀਆਂ ਹਨ (ਚਿੱਤਰ 5.4)। ਇਨ੍ਹਾਂ ਦਾ ਵਰਤੋਂ ਮੰਚ ਦੇ ਪਿਛੋਕੜ ਨੂੰ ਸਪਸ਼ਟ ਤੌਰ ‘ਤੇ ਦਰਸਾਉਣ ਲਈ ਕੀਤਾ ਜਾਂਦਾ ਹੈ (ਜਿਵੇਂ—ਰਾਜੇ ਦਾ ਸਿੰਘਾਸਨ) ਅਤੇ ਇਨ੍ਹਾਂ ਨੂੰ ਆਸਾਨੀ ਨਾਲ਼ ਹਰ ਪਾਸੇ ਲਿਜਾਇਆ ਜਾ ਸਕਦਾ ਹੈ (ਜਿਵੇਂ—ਹਿਲਸਾ ਮੱਛੀ, ਤਲਵਾਰ, ਗੇਂਦ, ਕਾਰ, ਅਖ਼ਬਾਰ)। ਇਨ੍ਹਾਂ ਵਿੱਚੋਂ ਕੁਝ ਵਸਤੂਆਂ ਮੰਚ ‘ਤੇ ਸਥਿਰ ਰੱਖੀਆਂ ਜਾਂਦੀਆਂ ਹਨ, ਜਦਕਿ ਹੋਰਾਂ ਨੂੰ ਡੋਰ ਜਾਂ ਲੱਕੜ ਨਾਲ਼ ਜੋੜ ਕੇ ਹਰ ਪਾਸੇ ਘੁਮਾਇਆ ਜਾ ਸਕਦਾ ਹੈ।



**ਚਿੱਤਰ 5.4:** *ਗੋਪਾਲ ਅਤੇ ਹਿਲਸਾ ਮੱਛੀ ਦੇ ਪਾਤਰ ਗੋਪਾਲ ਦੀ ਬਣਾਈ ਹੋਈ ਪੁਤਲੀ*

ਹੁਣ, ਆਪਣੀ ਕਹਾਣੀ ਲਈ ਇੱਕ ਵਿਸਤ੍ਰਿਤ ਸਕ੍ਰਿਪਟ ਲਿਖਣ ਲਈ ਸਾਰਣੀ 5.3 ਦੀ ਵਰਤੋਂ ਕਰੋ।

**ਸਾਰਣੀ 5.3: ਆਪਣੀ ਸਕ੍ਰਿਪਟ ਲਿਖਣ ਲਈ ਟੈਂਪਲੇਟ**

| ਲੜੀ ਅੰਕ | ਪਾਤਰ | ਸੰਵਾਦ ਅਤੇ ਸ਼ੈਲੀ | ਲੋੜੀਂਦੇ ਪ੍ਰੋਪਸ | ਵਿਸ਼ੇਸ਼ ਪ੍ਰਭਾਵ (ਉਦਾਹਰਣ ਲਈ, ਰੋਸ਼ਨੀ ਅਤੇ ਆਵਾਜ਼) |
|---|---|---|---|---|
| **ਦ੍ਰਿਸ਼ 1** | | | | |
| 1. | | | | |
| 2. | | | | |
| 3. | | | | |
| **ਦ੍ਰਿਸ਼ 2** | | | | |
| 1. | | | | |
| 2. | | | | |

## ਗਤੀਵਿਧੀ 5: ਪਾਤਰ ਨਿਰਮਾਣ

ਪੁਤਲੀਆਂ ਬਣਾਉਣ ਤੋਂ ਪਹਿਲਾਂ ਤੁਹਾਨੂੰ ਕਲਪਨਾ ਕਰਨੀ ਚਾਹੀਦੀ ਹੈ ਕਿ ਉਹ ਮਨੁੱਖਾਂ ਵਾਂਗ ਕਿਵੇਂ ਹੋਣਗੀਆਂ। ਕੀ ਉਹ ਲੰਬੇ ਜਾਂ ਛੋਟੇ? ਕੀ ਉਹ ਹੱਸਮੁੱਖ ਜਾਂ ਗੁੱਸੇ ਵਾਲੇ ਹੋਣਗੇ? ਕੀ ਉਹ ਮਿਲਣਸਾਰ ਜਾਂ ਸੰਕੋਚੀ ਹੋਣਗੇ? ਇਹਨਾਂ ਨੂੰ ਵਿਸ਼ੇਸ਼ਤਾਵਾਂ ਵਜੋਂ ਜਾਣਿਆ ਜਾਂਦਾ ਹੈ। ਆਪਣੀ ਕਠਪੁਤਲੀ ਦੀਆਂ ਵਿਸ਼ੇਸ਼ਤਾਵਾਂ ਦੇ ਅਧਾਰ ’ਤੇ ਪਾਤਰ ਘੜੇ ਵਜੋਂ ਜਾਂਦੇ ਹਨ। ਇਹ ਚਿਹਰਾ, ਸਰੀਰ, ਹਾਵ-ਭਾਵ, ਆਵਾਜ਼ ਅਤੇ ਆਚਰਨ (ਜਿਵੇਂ ਖ਼ੁਸ਼ੀ ਵਿੱਚ ਉੱਪਰ-ਹੇਠ ਹਿੱਲਣਾ, ਉਦਾਸੀ

© NCERT not to be republished

ਵਿੱਚ ਸਿਰ ਝੁਕਣਾ) ਸੁਨਿਸ਼ਚਿਤ ਕਰਨ ਲਈ ਜ਼ਰੂਰੀ ਹੈ। (ਚਿੱਤਰ 5.5)।

ਤੁਹਾਨੂੰ ਪੁਤਲੀ ਨੂੰ ਬਿਲਕੁਲ ਜਾਨਵਰ ਜਾਂ ਮਨੁੱਖ ਵਰਗਾ ਬਣਾਉਣ ਦੀ ਲੋੜ ਨਹੀਂ ਹੁੰਦੀ—ਅਕਸਰ ਪੁਤਲੀਆਂ ਦੇ ਸਰੀਰ, ਬਾਂਹਾਂ ਅਤੇ ਹੱਥ ਲੰਬੇ ਬਣਾਏ ਜਾਂਦੇ ਹਨ। ਪਰ ਪੁਤਲੀ ਦੀ ਪੂਰੀ ਤਸਵੀਰ ਬਣਾਉਣ ਲਈ ਤੁਹਾਨੂੰ ਉਸਦੇ ਸਰੀਰ ਦੇ ਨਾਲ-ਨਾਲ਼ ਉਸਦੀ ਸ਼ਖ਼ਸੀਅਤ ਦੀ ਵੀ ਕਲਪਨਾ ਕਰਨੀ ਚਾਹੀਦੀ ਹੈ।।

**ਚਿੱਤਰ 5.5:** *ਇਹ ਇੱਕ ਕਹਾਣੀ ਦਾ ਦ੍ਰਿਸ਼ ਹੈ ਜਿਸ ਵਿੱਚ ਇੱਕ ਡਰਿਆ ਹੋਇਆ ਸ਼ੇਰ ਤੇ ਉਸਦਾ ਚੂਹਾ ਦੋਸਤ ਹੈ। ਸ਼ੇਰ ਕਾਗਜ਼ ਨਾਲ਼ ਬਣਿਆ ਹੋਇਆ ਹੈ ਅਤੇ ਚੂਹਾ ਮੋਜ਼ੇ ਦੀ ਪੁਤਲੀ ਹੈ।*

## ਗ੍ਰਾਫ਼ ਪੇਪਰ ਦੀ ਵਰਤੋਂ ਨਾਲ਼ ਚਿੱਤਰ ਬਣਾਉਣਾ ਆਸਾਨ ਹੋ ਜਾਂਦਾ ਹੈ।

ਮੰਨ ਲਵੋ ਕਿ ਤੁਹਾਡੀ ਕਹਾਣੀ ਵਿੱਚ ਇੱਕ ਖਰਗੋਸ਼ ਹੈ। ਤੁਸੀਂ ਕਾਗਜ਼ 'ਤੇ ਖਰਗੋਸ਼ ਦਾ ਚਿੱਤਰ ਬਣਾ ਸਕਦੇ ਹੋ ਉਸਨੂੰ ਗੱਤੇ ਉੱਤੇ ਚਿਪਕਾ ਸਕਦੇ ਹੋ। ਉਸ ਤੋਂ ਬਾਅਦ ਗੱਤੇ ਨਾਲ਼ ਇੱਕ ਡੰਡੀ ਜੋੜ ਕੇ ਤੁਸੀਂ ਆਪਣੇ ਖਰਗੋਸ਼ ਦੀ ਪੁਤਲੀ ਨੂੰ ਹਿਲਾ ਸਕਦੇ ਹੋ।

ਖ਼ਰਗੋਸ਼ ਦਾ ਚਿੱਤਰ ਬਣਾਉਣ ਲਈ ਖਰਗੋਸ਼ ਦੀ ਤਸਵੀਰ, ਟ੍ਰੇਸਿੰਗ ਪੇਪਰ ਅਤੇ ਗ੍ਰਾਫ਼ ਪੇਪਰ ਲਓ।

ਪੇਪਰ 'ਤੇ ਖਰਗੋਸ਼ ਦਾ ਚਿੱਤਰ ਬਣਾਓ ਅਤੇ ਉਸਨੂੰ ਗ੍ਰਾਫ ਪੇਪਰ 'ਤੇ ਚਿਪਕਾਓ। ਫਿਰ ਜਿਸ ਚਾਰਟ ਪੇਪਰ 'ਤੇ ਤੁਸੀਂ ਖਰਗੋਸ਼ ਬਣਾਉਣਾ ਚਾਹੁੰਦੇ ਹੋ, ਉਸ 'ਤੇ ਗ੍ਰਾਫ਼ ਦੇ ਅਨੁਪਾਤ ਅਨੁਸਾਰ ਰੇਖਾਵਾਂ ਖਿਚੋ – ਇਸ਼ ਨਾਲ਼ ਤੁਹਾਨੂੰ ਵੱਡੇ ਖਰਗੋਸ਼ ਦਾ ਚਿੱਤਰ ਬਣਾਉਣ ਵਿੱਚ ਮਦਦ ਕਰੇਗਾ। ਹੁਣ ਖਰਗੋਸ਼ ਦੇ ਹਰ ਹਿੱਸੇ ਨੂੰ ਚਾਰਟ ਪੇਪਰ 'ਤੇ ਕਾਪੀ ਕਰੋ। ਜਦੋਂ ਚਿੱਤਰ ਤਿਆਰ ਹੋ ਜਾਵੇ, ਰੇਖਾਵਾਂ ਮਿਟਾ ਦਿਓ ਅਤੇ ਉਸ ਉੱਤੇ ਰੰਗ ਭਰੋ (ਚਿੱਤਰ 5.6)। ਜਦੋਂ ਤੁਸੀਂ ਖਰਗੋਸ਼ ਦੇ ਸਰੀਰ ਨਾਲ਼ ਡੰਡੀ ਚਿਪਕਾ ਲਵੋਗੇ, ਤੁਹਾਡੀ ਪੁਤਲੀ ਤਿਆਰ ਹੋ ਜਾਵੇਗੀ।




**ਚਿੱਤਰ 5.6:** *ਗ੍ਰਾਫ ਪੇਪਰ ਨਾਲ਼ ਖਰਗੋਸ਼ ਬਣਾਉਣਾ*

© NCERT not to be republished

ਇਹ ਪ੍ਰਸ਼ਨ ਤੁਹਾਨੂੰ ਇਹ ਯੋਜਨਾ ਬਣਾਉਣ ਵਿੱਚ ਮਦਦ ਕਰਨਗੇ ਕਿ ਪੁਤਲੀਆਂ ਕਿਵੇਂ ਬਣਾਉਣੀਆਂ ਹਨ।

1. ਤੁਸੀਂ ਕਿਹੜੀਆਂ ਪੁਤਲੀਆਂ ਬਣਾਵੋਗੇ? ਥੱਲੇ ਦਿੱਤੀ ਥਾਂ 'ਚ ਉਹਨਾਂ ਦੀਆਂ ਤਸਵੀਰਾਂ ਬਣਾਓ।

2. ਉਹਨਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?

........................................................................................................

........................................................................................................

## ਗਤੀਵਿਧੀ 6: ਕਠਪੁਤਲੀਆਂ ਬਣਾਉਣਾ

ਤੁਸੀਂ ਆਪਣੇ ਆਲ਼ੇ-ਦੁਆਲ਼ੇ ਮਿਲਣ ਵਾਲੀਆਂ ਵਸਤਾਂ ਨਾਲ਼ ਕਠਪੁਤਲੀਆਂ ਬਣਾ ਸਕਦੇ ਹੋ, ਜਿਵੇਂ ਮਿੱਟੀ, ਨਰਮ ਲੱਕੜ, ਘਾਹ, ਫ਼ਾਲਤੂ ਕਾਗਜ਼, ਖਾਲੀ ਬੋਤਲਾਂ, ਥਰਮੋਕੋਲ, ਕਾਰਡਬੋਰਡ ਜਾਂ ਹੋਰ ਕਈ ਵਸਤਾਂ ਜੋ ਠੀਕ ਲੱਗੇ। ਉਦਾਹਰਣ ਲਈ, ਤੁਸੀਂ ਚਾਰਟ ਪੇਪਰ 'ਤੇ ਬਣਾਈਆਂ ਮੱਛੀਆਂ ਕੱਟ ਕੇ ਝਾੜੂ ਦੀ ਤਿੱਲੀ 'ਤੇ ਚਿਪਕਾ ਸਕਦੇ ਹੋ। ਉਹਨਾਂ ਨੂੰ ਹਿਲਾ ਕੇ ਸਮੁੰਦਰ ਨਾਲ਼ ਜੁੜੀ ਇਕ ਸਾਧਰਨ ਕਹਾਣੀ ਸੁਣਾ ਸਕਦੇ ਹੋ। ਤੁਸੀਂ ਝਾੜੂ ਦੀ ਤਿੱਲੀ 'ਤੇ ਚਾਰਟ ਪੇਪਰ ਲਪੇਟ ਕੇ ਉਸ 'ਤੇ ਚਾਰਟ ਪੇਪਰ ਜਾਂ ਉਨ ਨਾਲ਼ ਬਣੇ ਨੱਕ, ਅੱਖਾਂ ਤੇ ਕੰਨ ਚਿਪਕਾ ਸਕਦੇ ਹੋ।

ਕਠਪੁਤਲੀਆਂ ਬਣਾਉਣ ਲਈ ਵਰਤੀਆਂ ਜਾਣ ਵਾਲੀਆਂ ਕੁਝ ਚੀਜ਼ਾਂ ਅਤੇ ਸਮੱਗਰੀ ਦੇ ਉਦਾਹਰਣ ਚਿੱਤਰ 5.7 ਤੋਂ 5.13 ਵਿੱਚ ਦਿੱਤੇ ਗਏ ਹਨ। ਹੋਰ ਚੀਜ਼ਾਂ ਨਾਲ਼ ਵੀ ਕੋਸ਼ਿਸ਼ ਕਰੋ ਅਤੇ ਵੇਖੋ ਤੁਸੀਂ ਕੀ ਬਣਾ ਸਕਦੇ ਹੋ।

© NCERT not to be republished

## 1. ਜੁਰਾਬਾਂ ਦੀਆਂ ਕਠਪੁਤਲੀਆਂ

ਤੁਸੀਂ ਸਿਰਫ਼ ਪੁਰਾਣੀਆਂ ਜੁਰਾਬਾਂ ਲੈ ਕੇ ਉਹਨਾਂ ਉੱਤੇ ਅੱਖਾਂ, ਨੱਕ ਅਤੇ ਮੂੰਹ ਨੂੰ ਸਿਲਾਈ ਕਰਕੇ ਜੁਰਾਬਾਂ ਦੀਆਂ ਕਠਪੁਤਲੀਆਂ ਬਣਾ ਸਕਦੇ ਹੋ। ਤੁਸੀਂ ਵਾਲ ਬਣਾਉਣ ਲਈ ਜੁਰਾਬ ਉੱਤੇ ਕੁਝ ਪੁਰਾਣੀ ਉੱਨ ਨਾਲ਼ ਸਿਲਾਈ ਕਰ ਸਕਦੇ ਹੋ।

ਤੁਸੀਂ ਜੁਰਾਬਾਂ ਦੀਆਂ ਕਠਪੁਤਲੀਆਂ ਨੂੰ ਆਪਣੇ ਹੱਥ ਉੱਤੇ ਪਾ ਕੇ ਹਿਲਾ ਸਕਦੇ ਹੋ (ਚਿੱਤਰ 5,7)।



**ਚਿੱਤਰ 5.7:** *ਉੱਨ ਨਾਲ਼ ਸਿਲਾਈ ਹੋਏ ਵਾਲ਼ਾਂ ਵਾਲੀਆਂ ਜੁਰਾਬਾਂ ਦੀਆਂ ਕਠਪੁਤਲੀਆਂ*

## 2. ਚਮਚ ਅਤੇ ਕਾਟੇ ਦੀਆਂ ਕਠਪੁਤਲੀਆਂ

ਤੁਸੀਂ ਸਟੀਲ ਜਾਂ ਲੱਕੜ ਦੇ ਚਮਚਿਆਂ ਅਤੇ ਕਾਂਟਿਆਂ ਨਾਲ਼ ਪੁਤਲੇ ਤਿਆਰ ਕਰ ਸਕਦੇ ਹੋ। ਆਈਸਕ੍ਰੀਮ ਵਾਲੇ ਚਮਚੇ ਅਤੇ ਇਕ ਵਾਰ ਵਰਤੇ ਜਾਣ ਵਾਲੇ ਕਾਂਟੇ ਵੀ ਵਰਤੇ ਜਾ ਸਕਦੇ ਹਨ। ਤੁਸੀਂ ਚਮਚੇ 'ਤੇ ਚਿਹਰਾ ਬਣਾ ਕੇ ਅਤੇ ਕਾਂਟੇ 'ਤੇ ਭੁੱਸ ਲਪੇਟ ਕੇ ਉਸ 'ਤੇ ਵੀ ਚਿਹਰਾ ਪੇਂਟ ਕਰ ਸਕਦੇ ਹੋ।(ਚਿੱਤਰ 5.8)।



**ਚਿੱਤਰ 5.8:** *ਚਮਚ ਅਤੇ ਕਾਂਟੇ ਦੀਆਂ ਕਠਪੁਤਲੀਆਂ ਬਣਾਉਣਾ*

ਤੁਸੀਂ ਇਨ੍ਹਾਂ ਕਠਪੁਤਲੀਆਂ ਨੂੰ ਕਾਗਜ਼ ਦੇ ਬਣੇ ਕੱਪੜਿਆਂ ਨਾਲ਼ ਵੀ ਸਜਾ ਸਕਦੇ ਹੋ ਅਤੇ ਉਨ੍ਹਾਂ ਨੂੰ ਸਕੈਚ ਪੈਨ ਜਾਂ ਪੈਨਸਿਲ ਦੀ ਵਰਤੋਂ ਕਰਕੇ ਰੰਗ ਕਰ ਸਕਦੇ ਹੋ।

ਤੁਸੀਂ ਇਨ੍ਹਾਂ ਕਠਪੁਤਲੀਆਂ ਨੂੰ ਚਮਚ ਅਤੇ ਕਾਂਟੇ ਦੀ ਵਰਤੋਂ ਕਰਕੇ ਹਿਲਾ ਸਕਦੇ ਹੋ।

## 3. ਚੱਪਲਾਂ ਵਾਲੀਆਂ/ਕਠਪੁਤਲੀਆਂ

ਤੁਸੀਂ ਜੁੱਤੀ ਦੇ ਤਲੇ 'ਤੇ ਰੰਗ ਕਰ ਸਕਦੇ ਹੋ ਜਾਂ ਵਾਲ਼ਾਂ ਅਤੇ ਮੁੱਛਾਂ ਲਈ ਉਨ ਚਿਪਕਾ ਸਕਦੇ ਹੋ। ਤੁਸੀਂ ਅੱਖਾਂ ਲਈ ਬਟਨ ਚਿਪਕਾ ਸਕਦੇ ਹੋ ਜਾਂ ਉਹਨਾਂ ਨੂੰ ਸਿਰਫ਼ ਪੇਂਟ ਕਰ ਸਕਦੇ ਹੋ (ਚਿੱਤਰ 5.9)।

ਤੁਸੀਂ ਇਨ੍ਹਾਂ ਕਠਪੁਤਲੀਆਂ ਨੂੰ ਚੱਪਲ ਦੇ ਕਿਨਾਰਿਆਂ ਨੂੰ ਫੜ ਕੇ ਜਾਂ ਆਪਣੇ ਹੱਥ 'ਤੇ ਜੁੱਤੀ ਪਾ ਕੇ ਚਲਾ ਸਕਦੇ ਹੋ।

© NCERT not to be republished



(ਕ)



(ਖ)

**ਚਿੱਤਰ 5.9:** *(ਕ) ਜੁੱਤੀ ਦੀ ਕਠਪੁਤਲੀ ਜਿਸਦੇ ਤਲੇ 'ਤੇ ਚਿਹਰਾ ਪੇਂਟ ਕੀਤਾ ਹੋਇਆ ਹੈ। (ਖ) ਚੱਪਲ ਦੀ ਕਠਪੁਤਲੀ ਜਿਸ ਦੀਆਂ ਅੱਖਾਂ ਕਾਰਕ ਦੀਆਂ ਬਣੀਆਂ ਹੋਈਆਂ ਹਨ ਅਤੇ ਵਾਲ਼ ਤੇ ਮੁੱਛਾਂ ਉੱਨ ਦੀਆਂ ਹਨ, ਜੋ ਗੂੰਦ ਅਤੇ ਧਾਗੇ ਨਾਲ਼ ਚਿਪਕਾਈਆ ਗਈਆਂ ਹਨ।*

## 4. ਗੇਂਦ ਦੀਆਂ ਕਠਪੁਤਲੀਆਂ

ਤੁਸੀਂ ਗੇਂਦਾਂ ਨਾਲ਼ ਚਿਹਰੇ ਬਣਾ ਸਕਦੇ ਹੋ। ਗੇਂਦ ਦੇ ਹੇਠਲੇ ਹਿੱਸੇ ਵਿੱਚ ਝਾੜੂ ਦੀ ਇੱਕ ਤਿਲਾ ਪਾਓ ਤਾਂ ਜੋ ਤੁਸੀਂ ਇਸ ਨੂੰ ਹਿਲਾ ਸਕੋ। ਤੁਸੀਂ ਗੇਂਦ ਦੀ ਕਠਪੁਤਲੀ ਉੱਤੇ ਇੱਕ ਚਿਹਰਾ ਪੇਂਟ ਕਰ ਸਕਦੇ ਹੋ ਜਾਂ ਕਾਗਜ਼ ਦੇ ਟੁਕੜੇ ਕੱਟ ਕੇ ਨੱਕ ਅਤੇ ਕੰਨਾਂ ਵਰਗੇ ਆਕਾਰ ਬਣਾ ਕੇ ਗੇਂਦ ਦੇ ਪਾਸਿਆਂ 'ਤੇ ਚਿਪਕਾ ਸਕਦੇ ਹੋ(ਚਿੱਤਰ 5,10)।



**ਚਿੱਤਰ 5.10:** *ਗੇਂਦ ਦੇ ਪੁਤਲੇ ਬਣਾਉਣ ਲਈ ਕਾਗਜ਼ ਨਾਲ਼ ਨੱਕ ਅਤੇ ਅੱਖਾਂ ਬਣਾਕੇ ਗੇਂਦ 'ਤੇ ਚਿਪਕਾਏ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਰੰਗਿਆ ਜਾਂਦਾ ਹੈ। ਗੇਂਦ ਨੂੰ ਹਿਲਾਉਣ ਲਈ ਉਸਦੇ ਹੇਠਾਂ ਝਾੜੂ ਦੀ ਲੱਕੜੀ ਲਗਾਈ ਜਾਂਦੀ ਹੈ।*

## 5. ਸਬਜ਼ੀਆਂ ਦੀਆਂ ਕਠਪੁਤਲੀਆਂ

ਤੁਸੀਂ ਸਬਜ਼ੀਆਂ ਦੀ ਵਰਤੋਂ ਕਰਕੇ ਕਠਪੁਤਲੀਆਂ ਵੀ ਬਣਾ ਸਕਦੇ ਹੋ, ਜਿਵੇਂ ਕਿ ਆਲੂ ਅਤੇ ਟੂਥਪਿਕਸ। ਤੁਸੀਂ ਨੱਕ, ਮੂੰਹ ਅਤੇ ਅੱਖਾਂ ਬਣਾਉਣ ਲਈ ਮੂਲੀ ਅਤੇ ਗਾਜਰ ਵਰਗੀਆਂ ਹੋਰ ਸਬਜ਼ੀਆਂ ਦੀ ਵਰਤੋਂ ਕਰ ਸਕਦੇ ਹੋ (ਚਿੱਤਰ 5.11)।

ਤੁਸੀਂ ਤੀਲੀਆਂ ਦੀ ਵਰਤੋਂ ਕਰਕੇ ਇਨ੍ਹਾਂ ਕਠਪੁਤਲੀਆਂ ਨੂੰ ਹਿਲਾ ਸਕਦੇ ਹੋ।

**ਚਿੱਤਰ 5.11:** *ਆਲੂਆਂ ਅਤੇ ਤੀਲੀਆਂ ਤੋਂ ਬਣੀ ਕਠਪੁਤਲੀ*

© NCERT not to be republished

## 6. ਪੱਤੇ ਦੀਆਂ ਕਠਪੁਤਲੀਆਂ

ਤੁਸੀਂ ਪੱਤਿਆਂ ਨਾਲ਼ ਵੀ ਕਠਪੁਤਲੀਆਂ ਤਿਆਰ ਕਰ ਸਕਦੇ ਹੋ। ਇਹ ਸੁੱਕੇ ਪੱਤੇ ਹੋ ਸਕਦੇ ਹਨ ਜੋ ਆਸਾਨੀ ਨਾਲ਼ ਨਹੀਂ ਟੁੱਟਦੇ। ਜੇ ਤੁਸੀਂ ਹਰੇ ਪੱਤੇ ਵਰਤ ਰਹੇ ਹੋ, ਤਾਂ ਉਹਨਾਂ ਨਾਲ਼ ਜੁੜੀਆਂ ਛੋਟੀਆਂ ਟਾਹਣੀਆਂ ਹੱਥਾਂ ਅਤੇ ਬਾਹਾਂ ਬਣਾਉਣ ਲਈ ਵਰਤੀਆਂ ਜਾ ਸਕਦੀਆਂ ਹਨ। (ਚਿੱਤਰ 5.12)।

ਤੁਸੀਂ ਇਨ੍ਹਾਂ ਕਠਪੁਤਲੀਆਂ ਨੂੰ ਜਿੱਥੇ ਚਾਹੋ ਉੱਥੇ ਫੜ ਕੇ ਲੈ ਜਾ ਸਕਦੇ ਹੋ।



(ਕ) (ਖ)

**ਚਿੱਤਰ 5.12:** *(ਕ) ਪੱਤਿਆਂ ਅਤੇ ਤਣੇ ਤੋਂ ਬਣੀ ਪੱਤੇ ਦੀ ਕਠਪੁਤਲੀ (ਖ) ਸੁੱਕੇ ਪੱਤਿਆਂ ਤੋਂ ਬਣੀ ਕਠਪੁਤਲੀ।*

## 7. ਗੱਤੇ ਦੀਆਂ ਕਠਪੁਤਲੀਆਂ

ਤੁਸੀਂ ਪੁਰਾਣੇ ਗੱਤੇ ਨਾਲ਼ ਵੀ ਕਠਪੁਤਲੀਆਂ ਬਣਾ ਸਕਦੇ ਹੋ (ਚਿੱਤਰ 5.13)। ਸਰੀਰ ਤੋਂ ਇਲਾਵਾ ਤੁਸੀਂ ਅੱਖਾਂ, ਨੱਕ, ਮੂੰਹ ਅਤੇ ਮੁੱਛਾਂ ਬਣਾਉਣ ਲਈ ਛੋਟੇ ਗੱਤੇ ਦੇ ਟੁਕੜੇ ਕੱਟ ਕੇ ਚਿਪਕਾ ਸਕਦੇ ਹਨ।

**ਚਿੱਤਰ 5.13:** *ਪੁਰਾਣੇ ਗੱਤੇ ਤੋਂ ਬਣੀ ਕਠਪੁਤਲੀ ਬਣਾਉਣ ਲਈ ਇਸ ਵਿਚ ਅੱਖਾਂ, ਨੱਕ, ਮੂੰਹ, ਕੰਨ ਅਤੇ ਗੱਤੇ ਦੇ ਵਾਲ਼ਾਂ ਨੂੰ ਕੱਟ ਕੇ ਸਰੀਰ ਉੱਤੇ ਚਿਪਕਾਇਆ ਜਾਂਦਾ ਹੈ। ਝਾੜੂ ਦੀਆਂ ਤੀਲਿਆਂ ਨਾਲ਼ ਜੋੜੋ ਅਤੇ ਪੁਤਲੇ ਦੇ ਕਾਰਡਬੋਰਡ ਹਿੱਸੇ ਵਿੱਚ ਲਗਾਓ ਤਾਂ ਜੋ ਕਠਪੁਤਲੀ ਆਸਾਨੀ ਨਾਲ਼ ਹਿਲਾਇਆ ਜਾ ਸਕੇ।*

© NCERT not to be republished

## 8. ਕਠਪੁਤਲੀ ਦਾ ਸਿਰ ਬਣਾਉਣਾ

ਤੁਸੀਂ ਸਿਰ ਅਤੇ ਕੱਪੜੇ ਨਾਲ਼ ਕਠਪੁਤਲੀ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹੋ। ਚਿੱਤਰ 5.14 ਦਰਸਾਉਂਦਾ ਹੈ ਕਿ ਤੁਸੀਂ ਸਿਰ ਕਿਵੇਂ ਬਣਾ ਸਕਦੇ ਹੋ। ਚਿੱਤਰ ਵਿੱਚ ਦਰਸਾਏ ਅਨੁਸਾਰ ਸਮੱਗਰੀ ਇਕੱਠੀ ਕਰੋ ਅਤੇ ਬਣਾਉਣਾ ਸ਼ੁਰੂ ਕਰੋ।

**ਸਮੱਗਰੀ:** ਟਹਿਣੀਆਂ, ਛਿੱਲਕੇ, ਅਖ਼ਬਾਰ, ਧਾਗਾ, ਕੱਪੜਾ ਅਤੇ ਪਾਣੀ-ਗੂੰਦ ਦਾ ਘੋਲ।



ਕਦਮ 1



ਦੋ ਛੋਟੀਆਂ ਟਹਿਣੀਆਂ ਲਓ ਅਤੇ ਉਹਨਾਂ ਨੂੰ ਇੱਕ ਪਲੱਸ ਦੇ ਚਿੰਨ੍ਹ ਵਿੱਚ ਬੰਨ੍ਹੋ।

ਕਦਮ 2



ਤੂੜੀ ਜਾਂ ਭੂਸਾ ਲਓ, ਜੋ ਵੀ ਉਪਲਬਧ ਹੋਵੇ ਅਤੇ ਇੱਕ ਗੇਂਦ ਬਣਾਓ। ਇਸ ਨੂੰ ਪਲੱਸ ਚਿੰਨ੍ਹ ਦੇ ਦੁਆਲੇ ਇੱਕ ਧਾਗੇ ਨਾਲ਼ ਬੰਨ੍ਹ ਕੇ ਇੱਕ ਗੋਲ ਜਾਂ ਅੰਡਾਕਾਰ ਗੇਂਦ ਬਣਾਓ, ਜੇ ਤੁਹਾਨੂੰ ਭੂਸਾ ਜਾਂ ਤੂੜੀ ਨਹੀਂ ਮਿਲਦੀ, ਤਾਂ ਤੁਸੀਂ ਅਖ਼ਬਾਰ ਦੀ ਵਰਤੋਂ ਕਰ ਸਕਦੇ ਹੋ)।

ਕਦਮ 3



ਗੇਂਦ ਦੇ ਆਲੇ-ਦੁਆਲੇ ਅਖ਼ਬਾਰ ਲਪੇਟੋ।

ਕਦਮ 4



ਹੁਣ ਇੱਕ ਬਰਤਨ ਵਿੱਚ ਕੁਝ ਪਾਣੀ ਲਵੋ ਅਤੇ ਇਸ ਵਿੱਚ ਗੂੰਦ ਮਿਲਾਓ (3:1 ਪਾਣੀ ਅਤੇ ਗੂੰਦ)। ਇਸ ਨੂੰ ਚੰਗੀ ਤਰ੍ਹਾਂ ਮਿਲਾਓ ਅਤੇ ਇਕ ਪਾਸੇ ਰੱਖੋ।

ਕਦਮ 5



ਕਾਗਜ਼ ਦੇ ਛੋਟੇ-ਛੋਟੇ ਟੁਕੜੇ ਕਰੋ।

ਕਦਮ 6



ਕਾਗਜ਼ ਦਾ ਇੱਕ ਫਟਿਆ ਹੋਇਆ ਟੁਕੜਾ ਲਓ। ਇਸ ਨੂੰ ਗੂੰਦ ਦੇ ਘੋਲ ਵਿੱਚ ਡੁਬੋ ਕੇ ਗੋਲ ਗੇਂਦ ਉੱਤੇ ਚਿਪਕਾਓ (ਕਦਮ 3 ਤੋਂ)। ਇਹ ਪ੍ਰਕਿਰਿਆ ਜਾਰੀ ਰੱਖੋ ਜਦੋਂ ਤੱਕ ਗੇਂਦ ਦੀ ਪੂਰੀ ਸਤਹ ਗੂੰਦ ਦੇ ਘੋਲ ਵਿਚ ਡੁੱਬੇ ਹੋਏ ਕਾਗਜ਼ ਨਾਲ਼ ਢੱਕ ਨਾ ਜਾਵੇ।

ਕਦਮ 7



ਗੇਂਦ ਨੂੰ ਸੁੱਕਣ ਦਿਓ।

**ਕਦਮ 8**



ਅਖ਼ਬਾਰ ਜਾਂ ਹੋਰ ਸਮੱਗਰੀ ਦੀ ਵਰਤੋਂ ਕਰਕੇ ਸਿਰ ਉੱਤੇ ਨੱਕ ਅਤੇ ਅੱਖਾਂ ਲਗਾਓ।

ਕਦਮ 9



ਸਿਰ ਵਿੱਚ ਰੰਗ ਭਰੋ।



**ਚਿੱਤਰ 5.14:** *ਇੱਕ ਗੇਂਦ ਦੀ ਕਠਪੁਤਲੀ ਬਣਾਉਣਾ*

© NCERT not to be republished

ਔਨਲਾਈਨ ਸ੍ਰੋਤਾਂ ਤੋਂ ਸਿੱਖਣਾ

ਤੁਸੀਂ ਪੇਪੀਅਰ-ਮਾਸ਼ੇ ਨਾਲ਼ ਵੀ ਸਿਰ ਬਣਾ ਸਕਦੇ ਹੋ। ਤੁਸੀਂ 'how to make papier-mâché' ਕੀ-ਵਰਡ ਦੀ ਵਰਤੋਂ ਕਰਕੇ ਪੇਪੀਅਰ-ਮਾਸ਼ੇ ਬਣਾਉਣਾ ਆਨਲਾਈਨ ਵੀ ਸਿੱਖ ਸਕਦੇ ਹੋ (ਚਿੱਤਰ 5.15)।

[redacted]

**ਚਿੱਤਰ 5.15:** *ਪੇਪਰ-ਮਾਸ਼ੇ ਦਾ ਸਿਰ ਬਣਾਉਣਾ*

## ਚਿਹਰੇ ਨੂੰ ਰੰਗਣਾ

ਆਪਣੇ ਕੱਠਪੁਤਲੀ ਦੇ ਸਿਰ ਨੂੰ ਅੰਤਿਮ ਰੂਪ ਦੇਣ ਲਈ ਤੁਸੀਂ ਵੱਖ-ਵੱਖ ਤਰੀਕੇ ਅਪਣਾ ਸਕਦੇ ਹੋ। ਤੁਸੀਂ ਅੱਖਾਂ, ਨੱਕ, ਹੋਠ ਅਤੇ ਕੰਨ ਬਣਾਉਣ ਦੀ ਕਲਪਨਾ ਕਰਨੀ ਚਾਹੀਦੀ ਹੈ ਜੋ ਕਿਸੇ ਭਾਵ ਨੂੰ ਦਰਸਾਉਂਦੀ ਹੋਵੇ।( ਚਿੱਤਰ 5.16) ਉਦਾਹਰਣ ਲਈ: ਮੁਸਕਰਾਉਂਦਾ ਚਿਹਰਾ, ਰੁੱਸਿਆ ਚਿਹਰਾ, ਹੱਸਦਾ ਚਿਹਰਾ ਆਦਿ।

ਇੱਕ ਵਾਰ ਜਦੋਂ ਤੁਸੀਂ ਚਿਹਰੇ ਦੇ ਭਾਵ ਨਿਸ਼ਚਿਤ ਕਰ ਲੈਂਦੇ ਹੋ, ਤਾਂ – ਸਿਰ ਉੱਤੇ ਕਾਗਜ਼ ਚਿਪਕਾਓ ਤੁਸੀਂ ਅਜਿਹਾ ਕਰਨ ਲਈ ਕਾਗਜ਼ ਦੀ ਟੇਪ ਦੀ ਵਰਤੋਂ ਕਰ ਸਕਦੇ ਹੋ। ਕਾਗਜ਼ ਦੀ ਟੇਪ ਉੱਤੇ ਕਠਪੁਤਲੀਆਂ ਦੇ ਹਾਵ-ਭਾਵ ਬਣਾਓ। ਬਕਸੇ ਵਿੱਚ ਕਠਪੁਤਲੀ ਦੇ ਸਿਰ ਦੀ ਇੱਕ ਫੋਟੋ ਚਿਪਕਾਓ।

[redacted]

(ਕ) (ਖ)

**ਚਿੱਤਰ 5.16:** *(ਕ) ਵੱਖ-ਵੱਖ ਕਿਸਮਾਂ ਦੇ ਚਿਹਰੇ; (ਖ) ਰੰਗੇ ਹੋਏ ਕਠਪੁਤਲੀ ਦੇ ਚਿਹਰੇ*

© NCERT not to be republished

ਇਹ ਜ਼ਰੂਰੀ ਨਹੀਂ ਹੈ ਕਿ ਚਮੜੀ ਦਾ ਰੰਗ ਬਿਲਕੁਲ ਸਾਡੀ ਚਮੜੀ ਦੇ ਰੰਗ ਵਾਂਗ ਹੀ ਹੋਵੇ। ਜਿਵੇਂ ਕਿ ਕਠਪੁਤਲੀ ਇੱਕ ਕਾਲਪਨਿਕ ਪਾਤਰ ਹੈ, ਰੰਗ ਕਾਲਪਨਿਕ ਵੀ ਹੋ ਸਕਦੇ ਹਨ। ਤੁਸੀਂ ਚਿਹਰੇ ਨੂੰ ਰੰਗਣ ਲਈ ਵੱਖ-ਵੱਖ ਰੰਗਾਂ ਦੀ ਵਰਤੋਂ ਕਰ ਸਕਦੇ ਹੋ।

## ਸਰੀਰ ਵਾਲ਼ਾ ਹਿੱਸਾ ਬਣਾਉਣਾ

ਕਠਪੁਤਲੀ ਦੇ ਸਰੀਰ ਵਾਲੇ ਹਿੱਸੇ ਨੂੰ ਬਣਾਉਣ ਦੇ ਵੱਖ-ਵੱਖ ਤਰੀਕੇ ਹਨ। ਚਿੱਤਰ 5.17 ਮਨੁੱਖੀ ਕਠਪੁਤਲੀ ਬਣਾਉਣ ਦਾ ਇੱਕ ਤਰੀਕਾ ਦਰਸਾਉਂਦਾ ਹੈ।

**ਕਦਮ 1**



ਇਕ ਪੁਰਾਣਾ ਕਪੜਾ ਲਵੋ ਅਤੇ ਇਸਨੂੰ ਲੰਬੇ ਕੱਪੜੇ ਦੇ ਆਕਾਰ ਵਿੱਚ ਕੱਟੋ। ਇਸਦਾ ਮਾਪ ਅਜਿਹਾ ਹੋਣਾ ਚਾਹੀਦਾ ਹੈ ਕਿ ਕਠਪੁਤਲੀ ਦੇ ਸਿਰ ਨਾਲ਼ ਜੋੜਿਆਂ ਹੋਇਆ ਤੀਲਾ ਜਾਂ ਸੋਟੀ ਨੂੰ ਢੱਕਿਆ ਜਾ ਸਕੇ।



ਕਦਮ 2

ਧਾਗੇ ਅਤੇ ਸੂਈ ਦੀ ਵਰਤੋਂ ਕਰਕੇ ਕੱਪੜੇ ਦੀ ਸਿਲਾਈ ਕਰੋ।

**ਕਦਮ 3**



ਜੇ ਤੁਸੀਂ ਚਾਹੋ ਤਾਂ ਕਠਪੁਤਲੀ ਲਈ ਪੈਂਟ, ਸਕਰਟ ਵੀ ਬਣਾ ਸਕਦੇ ਹੋ ਅਤੇ ਚਾਹੁੰਦੇ ਹੋ ਇਸ ਨੂੰ ਕਠਪੁਤਲੀ ਨਾਲ਼ ਜੋੜ ਵੀ ਸਕਦੇ ਹੋ।

**ਕਦਮ 4**

ਤੁਸੀਂ ਕਾਗਜ਼ ਜਾਂ ਕਾਰਡਬੋਰਡ ਦੇ ਟੁਕੜੇ 'ਤੇ ਹੱਥ ਬਣਾ ਸਕਦੇ ਹੋ। ਫਿਰ ਉਹਨਾਂ ਨੂੰ ਸਹੀ ਤਰ੍ਹਾਂ ਕੱਟੋ।। ਫਿਰ ਤੁਸੀਂ



ਗੱਤੇ ਨੂੰ ਸਹੀ ਢੰਗ ਨਾਲ਼ ਕੱਟ ਸਕਦੇ ਹੋ। ਕਠਪੁਤਲੀ ਦੇ ਕੱਪੜੇ ਦੀਆਂ ਬਾਹਾਂ ਨਾਲ਼ ਹੱਥ ਜੋੜੋ।

ਹੁਣ ਆਪਣੀਆਂ ਕਠਪੁਤਲੀਆਂ ਨਾਲ਼ ਖੇਡੋ।

**ਚਿੱਤਰ 5.17:** *ਕਠਪੁਤਲੀ ਨੂੰ ਪੂਰਾ ਕਰਨਾ*

© NCERT not to be republished

ਤੁਸੀਂ ਜਿੰਨੀ ਮਰਜ਼ੀ ਕਠਪੁਤਲੀਆਂ ਬਣਾ ਸਕਦੇ ਹੋ ਅਤੇ ਉਨ੍ਹਾਂ ਨੂੰ ਵੱਖ-ਵੱਖ ਪ੍ਰਕਾਰ ਦੇ ਕੱਪੜੇ ਪਾ ਸਕਦੇ ਹੋ। (ਚਿੱਤਰ 5.18)



**ਚਿੱਤਰ 5.18:** *ਤੁਹਾਡੀਆਂ ਕਠਪੁਤਲੀਆਂ ਸ਼ੋਅ ਲਈ ਤਿਆਰ ਹਨ।*

## ਸੰਚਾਲਨ

ਕਠਪੁਤਲੀ ਦਾ ਪ੍ਰਦਰਸ਼ਨ ਕਰਦੇ ਸਮੇਂ, ਕਠਪੁਤਲੀਆਂ ਦੀ ਗਤੀ ਕਹਾਣੀ ਨੂੰ ਜੀਵੰਤ ਬਣਾਉਂਦੀ ਹੈ। ਕਠਪੁਤਲੀ ਨੂੰ ਗਤੀ ਦੇਣ ਲਈ ਤੁਹਾਨੂੰ ਰਚਨਾਤਮਕ ਹੋਣ ਦੀ ਜ਼ਰੂਰਤ ਹੈ। ਉਦਾਹਰਣ ਲਈ, ਤੁਸੀਂ ਕਠਪੁਤਲੀ ਦੀ ਗਰਦਨ ਦੇ ਪਿਛਲੇ ਹਿੱਸੇ ਜਾਂ ਉਸ ਦੇ ਹੱਥਾਂ ਵਿੱਚ ਤਾਰ ਲਗਾ ਸਕਦੇ ਹੋ। ਤੁਸੀਂ ਆਪਣੇ ਹੱਥਾਂ ਨਾਲ਼ ਕਠਪੁਤਲੀ ਦਾ ਮੂੰਹ ਖੋਲ੍ਹ ਕੇ ਉਸ ਨੂੰ ਹਸਾ ਸਕਦੇ ਹੋ, ਤੁਸੀਂ ਉਸ ਦੇ ਸਰੀਰ ਨਾਲ਼ ਜੁੜੀ ਤੀਲੀਆਂ ਦੀ ਵਰਤੋਂ ਕਰਕੇ ਕਠਪੁਤਲੀ ਨੂੰ ਉੱਡਾ ਸਕਦੇ ਹੋ, ਤੁਸੀਂ ਆਪਣੇ ਹੱਥ ਉੱਤੇ ਕਠਪੁਤਲੀ ਨੂੰ 'ਪਹਿਨ' ਸਕਦੇ ਹੋ (ਚਿੱਤਰ 5.19 ਅਤੇ 5.20)।

[redacted]

**ਚਿੱਤਰ 5.19:** *ਤੁਹਾਡੀਆਂ ਕਠਪੁਤਲੀਆਂ ਸ਼ੋਅ ਲਈ ਤਿਆਰ ਹਨ।*

[redacted] [redacted]

(ਕ) (ਖ)

**ਚਿੱਤਰ 5.20:** *(ਕ) ਅਤੇ (ਖ) ਕਠਪੁਤਲੀਆਂ ਇੱਕ ਡੋਰ ਦੀ ਵਰਤੋਂ ਕਰਕੇ ਚੱਲਦੀਆਂ ਹਨ ਅਤੇ ਵੱਖ-ਵੱਖ ਹਿੱਸਿਆਂ ਨਾਲ਼ ਜੁੜੀਆਂ ਹੁੰਦੀਆਂ ਹਨ, ਤਾਂ ਜੋ ਉਹ ਚੱਲ ਸਕਣ।*

© NCERT not to be republished

ਤੁਸੀਂ ਆਪਣੀ ਕਠਪੁਤਲੀ ਨੂੰ ਕਿਵੇਂ ਹਿਲਾਓਗੇ ?

.................................................................................................................

.................................................................................................................

ਸਕ੍ਰਿਪਟ ਦੇ ਅਨੁਸਾਰ, ਤੁਹਾਨੂੰ ਕਠਪੁਤਲੀ ਦੇ ਚਿਹਰੇ 'ਤੇ ਹਾਵ-ਭਾਵ ਨੂੰ ਬਦਲਣ ਦੀ ਜ਼ਰੂਰਤ ਹੋ ਸਕਦੀ ਹੈ (ਉਦਾਹਰਣ ਵਜੋਂ, ਮੁਸਕਰਾਉਂਦਾ ਚਿਹਰਾ, ਗੁੱਸੇ ਵਾਲ਼ਾ ਚਿਹਰਾ, ਉਦਾਸ ਚਿਹਰਾ) ਜਾਂ ਉਸ ਦੇ ਸਰੀਰ ਦੀ ਸਥਿਤੀ ਬਦਲਣੀ ਪੈ ਸਕਦੀ ਹੈ (ਜਿਵੇਂ ਖੜ੍ਹਾ ਬਾਗ਼, ਲੇਟਿਆ ਹੋਇਆ ਬਾਗ਼)। ਇਹ ਸੰਭਵ ਹੈ ਜੇ ਤੁਸੀਂ ਹਰ ਪਾਤਰ ਲਈ ਵੱਖ-ਵੱਖ ਹਾਵ-ਭਾਵ ਅਤੇ ਅੰਦਾਜ਼ ਵਾਲੀਆਂ ਕਈ ਪੁਤਲੀਆਂ ਤਿਆਰ ਕਰੋ।

## ਆਪਣੀਆਂ ਕਠਪੁਤਲੀਆਂ ਨੂੰ ਅੰਤਿਮ ਰੂਪ ਦੇਣਾ

ਤੁਸੀਂ ਵੱਖ-ਵੱਖ ਕਠਪੁਤਲੀਆਂ ਨਾਲ਼ ਪ੍ਰਯੋਗ ਕੀਤਾ ਹੈ। ਹੁਣ ਆਪਣੇ ਸ਼ੋਅ ਲਈ ਕਠਪੁਤਲੀਆਂ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਕਰੋ।

ਕਿਰਪਾ ਕਰਕੇ ਸਾਰਣੀ 5.4 ਭਰੋ ਕਿਉਂਕਿ ਇਸ ਨਾਲ਼ ਤੁਹਾਨੂੰ ਆਪਣੀਆਂ ਕਠਪੁਤਲੀਆਂ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲੇਗੀ। ਆਪਣੀਆਂ ਕਠਪੁਤਲੀਆਂ ਬਾਰੇ ਵੇਰਵੇ ਜੋੜਨ ਵਿੱਚ ਤੁਹਾਡੀ ਮਦਦ ਕਰਨ ਲਈ ਸਾਰਣੀ ਵਿੱਚ ਇੱਕ ਉਦਾਹਰਣ ਦਿੱਤੀ ਗਈ ਹੈ।

**ਸਾਰਣੀ 5.4: ਆਪਣੀਆਂ ਕਠਪੁਤਲੀਆਂ ਦੀ ਯੋਜਨਾ ਬਣਾਓ**

| ਕਠਪੁਤਲੀਆਂ ਦੀਆਂ ਕਿਸਮਾਂ (ਜਿਵੇਂ ਕਿ ਮਨੁੱਖ ਜਾਂ ਜਾਨਵਰ) ਅਤੇ ਉਹਨਾਂ ਦੇ ਨਾਮ | ਤੁਸੀਂ ਕਿਹੜੀਆਂ ਸਮੱਗਰੀਆਂ ਦੀ ਵਰਤੋਂ ਕੀਤੀ ? | ਤੁਸੀਂ ਕੀ ਕੀਤਾ ? | ਕਠਪੁਤਲੀਆਂ ਕਿਵੇਂ ਚੱਲਣਗੀਆਂ ? | ਤੁਸੀਂ ਇਨ੍ਹਾਂ ਕਠਪੁਤਲੀਆਂ ਦੀ ਵਰਤੋਂ ਕਿਵੇਂ ਕਰੋਗੇ ? |
|---|---|---|---|---|
| ਗੇਂਦਾਂ ਨਾਲ਼ ਬਣੇ ਦੋ ਮਨੁੱਖੀ ਸਿਰ, ਜਿਨ੍ਹਾਂ ਦਾ ਨਾਮ ਰਾਜੇਸ਼ ਅਤੇ ਗੀਤਾ ਹੈ। | ਗੇਂਦ, ਝਾੜੂ ਦਾ ਤੀਲ, ਸਕੈਚ ਪੈਨ | ਗੇਂਦ ਸਿਰ ਦਾ ਅਕਾਰ ਦਿੰਦੀ ਹੈ। ਮੈਂ ਸਕੈਚ ਪੈਨ ਨਾਲ਼ ਅੱਖਾਂ ਅਤੇ ਮੂੰਹ ਬਣਾਇਆ। ਇਸ ਦਾ ਮੁਸਕਰਾਉਂਦਾ ਚਿਹਰਾ ਇਕ 'ਇਮੋਜੀ' ਵਰਗਾ ਲਗਦਾ ਹੈ। | ਇੱਕ ਝਾੜੂ ਦਾ ਡੰਡੀ ਗੇਂਦ ਨਾਲ਼ ਲਗਾਇਆ ਗਿਆ ਹੈ, ਤਾਂ ਜੋ ਸਿਰ ਘੁਮਾਇਆ ਜਾ ਸਕੇ। | ਇਨ੍ਹਾਂ ਕਠਪੁਤਲੀਆਂ ਦੀ ਵਰਤੋਂ ਦੋ ਲੋਕਾਂ ਦੀ ਇੱਕ ਦੂਜੇ ਨਾਲ਼ ਕਿਸੇ ਚੀਜ਼ ਬਾਰੇ ਗੱਲ ਸਵਾਂਦ ਕਰਨ ਦੀ ਕਹਾਣੀ ਸੁਣਾਉਣ ਲਈ ਕੀਤੀ ਜਾ ਸਕਦੀ ਹੈ। ਉਹ ਗੱਲਾਂ ਮਜ਼ੇਦਾਰ ਤੇ ਥੋੜੀਆਂ ਹਾਸੇ ਵਾਲ਼ੀਆਂ ਹੋ ਸਕਦੀਆਂ ਹਨ। |
| | | | | |
| | | | | |
| | | | | |

© NCERT not to be republished

ਕੀ ਤੁਸੀਂ ਕਠਪੁਤਲੀਆਂ ਪਹਿਲੀ ਵਾਰ ਵਿੱਚ ਹੀ ਠੀਕ ਤਰੀਕੇ ਨਾਲ਼ ਬਣਾਈਆਂ ਸਨ ਜਾਂ ਤੁਹਾਨੂੰ ਉਹਨਾਂ ਵਿੱਚ ਕੁਝ ਸੁਧਾਰ ਕਰਨੇ ਜਾਂ ਦੁਬਾਰਾ ਬਣਾਉਣੀਆਂ ਪਈਆਂ? ਜੇ ਹਾਂ, ਤਾਂ ਸਮਝਾਓ ਕਿ ਕਿਉਂ ਅਤੇ ਤੁਸੀਂ ਕੀ ਕੀਤਾ।

..........................................................................................................

..........................................................................................................

ਹੁਣ ਤੁਸੀਂ ਸ਼ੋਅ ਲਈ ਤਿਆਰ ਹੋ।

## ਗਤੀਵਿਧੀ 7: ਕਠਪੁਤਲੀ ਸ਼ੋਅ

ਕਠਪੁਤਲੀਆਂ ਨਾਲ਼ ਅਭਿਆਸ ਕਰਨਾ ਸ਼ੁਰੂ ਕਰੋ। ਹਰ ਕਿਸੇ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਪਤਾ ਹੋਵੇ, ਤਾਂ ਜੋ ਸ਼ੋਅ ਵਧੀਆ ਹੋਵੇ। ਤੁਹਾਡੇ ਵਿਚੋਂ ਕੁਝ ਕਠਪੁਤਲੀਆਂ ਸੰਚਾਲਕ ਵੀ ਹੋ ਸਕਦੇ ਹਨ, ਕੁਝ ਰੌਸ਼ਨੀ ਅਤੇ ਆਵਾਜ਼ ਦੇ ਪ੍ਰਭਾਵ(ਲਾਈਟ ਐਂਡ ਸਾਊਂਡ ਇਫੈਕਟ) ਦੇ ਸਕਦੇ ਹਨ, ਤੇ ਕੁਝ ਦ੍ਰਿਸ਼ ਬਦਲਣ 'ਤੇ ਬੈਕਗ੍ਰਾਊਂਡ ਬਦਲ ਸਕਦੇ ਹਨ। ਤੁਹਾਡੀ ਕਹਾਣੀ ਦੇ ਮੁਤਾਬਕ ਹੋਰ ਵੀ ਕੁਝ ਕੰਮ ਕਰਨੇ ਪੈ ਸਕਦੇ ਹਨ।

ਇੱਕ ਸ਼ਾਨਦਾਰ ਕਠਪੁਤਲੀ ਸ਼ੋਅ ਲਈ ਹੇਠ ਲਿਖੇ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ:

**ਕ. ਮੰਚ**

ਉਹ ਜਗ੍ਹਾ ਜਿੱਥੇ ਸ਼ੋਅ ਕੀਤਾ ਜਾਂਦਾ ਹੈ, ਉਹ ਸਥਾਨ ਬਹੁਤ ਮਹੱਤਵਪੂਰਨ ਹੁੰਦਾ ਹੈ। ਸਭ ਤੋਂ ਪਹਿਲਾਂ, ਇੱਕ 'ਮੰਚ' ਬਣਾਉਣ ਲਈ ਉਚਿਤ ਸਥਾਨ ਦੀ ਲੋੜ ਹੁੰਦੀ ਹੈ, ਤਾਂ ਕਿ ਦਰਸ਼ਕ ਪੁਤਲੀਆਂ ਨੂੰ ਸਪੱਸ਼ਟ ਤੌਰ ਤੇ ਦੇਖ ਸਕਣ। ਦੂਜਾ, ਦਰਸ਼ਕਾਂ ਲਈ ਬੈਠਣ ਦੀ ਜਗ੍ਹਾ ਵੀ ਹੋਣੀ ਚਾਹੀਦੀ ਹੈ। ਮੰਚ ਨੂੰ ਸਥਾਪਿਤ ਕਰਨ ਦੇ ਵੱਖ-ਵੱਖ ਤਰੀਕੇ ਦਰਸਾਏ ਗਏ ਹਨ (ਚਿੱਤਰ 5.21 ਤੋਂ 5.23)।



**ਚਿੱਤਰ 5.21:** *ਇੱਕ ਮੇਜ਼ ਨੂੰ ਢੱਕਣ ਵਾਲੀ ਇੱਕ ਚਾਦਰ ਇੱਕ ਮੰਚ ਉੱਤੇ ਵਰਤੀ ਜਾਂਦੀ ਹੈ। ਚਾਦਰ ਕਠਪੁਤਲੀ ਸੰਚਾਲਕ ਨੂੰ ਲੁਕਾ ਦੇਂਦੀ ਹੈ , ਤਾਂ ਜੋ ਆਪਣੇ ਹੱਥਾਂ ਜਾਂ ਕਠਪੁਤਲੀਆਂ ਦੇ ਸਰੀਰ ਨਾਲ਼ ਜੁੜੀਆਂ ਤੀਲੀਆਂ ਜਾਂ ਸੋਟੀਆਂ ਦੀ ਵਰਤੋਂ ਕਰਕੇ ਕਠਪੁਤਲੀਆਂ ਨੂੰ ਹਿਲਾ ਸਕਦੇ ਹਨ।*

not to be republished © NCERT

[redacted]

**ਚਿੱਤਰ 5.22:** *ਚਾਦਰ ਨੂੰ ਪਰਦੇ ਵਾਂਗ ਵੀ ਵਰਤਿਆ ਜਾ ਸਕਦਾ ਹੈ ਤਾਂ ਕਿ ਪੁਤਲੀ ਚਲਾਉਣ ਵਾਲ਼ਾ ਲੁਕ ਜਾਵੇ। ਜੇ ਪੁਤਲੀ ਚਲਾਉਣ ਵਾਲ਼ਾ ਡੋਰੀਆਂ ਵਰਤਦਾ ਹੈ, ਤਾਂ ਚਾਦਰ ਨੂੰ ਮੇਜ਼ ਦੇ ਪਿੱਛੇ ਡੋਰੀ ਨਾਲ਼ ਬੰਨ੍ਹ ਸਕਦੇ ਹੋ, ਪਰਦੇ ਵਾਂਗ।*

**ਚਿੱਤਰ 5.23:** ਕਠਪੁਤਲੀ ਸ਼ੋਅ ਲਈ ਇੱਕ ਫਰੇਮ ਮੰਚ ਵਜੋਂ ਵਰਤੀ ਜਾਂਦੀ ਹੈ। ਫਰੇਮ ਆਮ ਤੌਰ 'ਤੇ ਲੰਬਾ-ਚੌੜਾ ਹੋਣਾ ਚਾਹੀਦਾ ਹੈ (ਜਿਵੇਂ ਤੁਸੀਂ ਸਿਨੇਮਾ ਹਾਲ ਵਿੱਚ ਫਿਲਮ ਵੇਖਦੇ ਹੋ)। ਇਹ ਵੱਖ-ਵੱਖ ਸਮੱਗਰੀ ਨਾਲ਼ ਬਣਾਇਆ ਜਾ ਸਕਦਾ ਹੈ, ਪਰ ਧਿਆਨ ਰੱਖੋ ਕਿ 'ਖਿੜਕੀ' ਦਾ ਆਕਾਰ ਕਠਪੁਤਲੀਆਂ ਅਤੇ ਉਹਨਾਂ ਦੀ ਹਿਲਚਲ ਦੇਖਣ ਲਈ ਸਪਸ਼ਟ ਹੋਵੇ।

ਯਾਦ ਰੱਖੋ, ਉਹ ਕਠਪੁਤਲੀਆਂ ਜੋ ਤੁਸੀਂ ਸ਼ੋਅ ਲਈ ਵਰਤੋਂਗੇ, ਉਹ ਮੰਚ ਦੇ ਨੇੜੇ ਰੱਖਣੀਆਂ ਚਾਹੀਦੀਆਂ ਹਨ ਤਾਂ ਕਿ ਦਰਸ਼ਕ ਉਹਨਾਂ ਨੂੰ ਨਾ ਦੇਖ ਸਕਣ। ਉਦਾਹਰਣ ਵਜੋਂ, ਤੁਸੀਂ ਕਠਪੁਤਲੀਆਂ ਨੂੰ ਉਸ ਚਾਦਰ ਦੇ ਪਿੱਛੇ ਰੱਖ ਸਕਦੇ ਹੋ ਜੋ ਮੇਜ਼ ਨੂੰ ਢੱਕਦੀ ਹੈ।

1. ਤੁਸੀਂ ਕਠਪੁਤਲੀ ਦਾ ਸ਼ੋਅ ਕਿੱਥੇ ਕਰੋਗੇ?

   ..........................................................................................

   ..........................................................................................

2. ਸ਼ੋਅ ਦੌਰਾਨ ਤੁਸੀਂ ਕਠਪੁਤਲੀਆਂ ਕਿੱਥੇ ਰੱਖੋਗੇ?

   ..........................................................................................

   ..........................................................................................

## ਖ. ਮੰਚ ਦਾ ਬੈਕਗ੍ਰਾਉਂਡ ਦ੍ਰਿਸ਼

[redacted]

ਕਿਸੇ ਮੰਚ ਦਾ ਬੈਕਗ੍ਰਾਉਂਡ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਕਹਾਣੀ ਦੀ ਪਰਸਥਿਤੀਆਂ ਨੂੰ ਦਰਸਾਉਂਦਾ ਹੈ। ਕਹਾਣੀ ਦੇ ਇੱਕ ਦ੍ਰਿਸ਼ ਤੋਂ ਦੂਜੇ ਦ੍ਰਿਸ਼ ਵਿੱਚ ਅੱਗੇ ਵਧਣ ਨਾਲ਼ ਪਰਸਥਿਤੀਆਂ ਬਦਲ ਸਕਦਾ ਹੈ, ਅਤੇ ਇਸ ਲਈ, ਬੈਕਗ੍ਰਾਉਂਡ ਵੀ ਬਦਲ ਸਕਦਾ ਹੈ। ਤੁਸੀਂ ਇਨ੍ਹਾਂ ਵੱਖ-ਵੱਖ ਸੈਟਿੰਗਾਂ ਨੂੰ ਇੱਕ ਚਾਰਟ ਪੇਪਰ ਜਾਂ ਇੱਕ ਪੁਰਾਣੀ ਚਾਦਰ ਉੱਤੇ ਖਿੱਚ ਜਾਂ

**ਚਿੱਤਰ 5.24:** *ਜੰਗਲ ਦਾ ਪਿਛੋਕੜ ਜਿਸ ਵਿੱਚ ਜਾਨਵਰ ਹਨ*

© NCERT not to be republished

ਪੇਂਟ ਕਰ ਸਕਦੇ ਹੋ (ਚਿੱਤਰ 5.24)। ਜਿਵੇਂ-ਜਿਵੇਂ ਦ੍ਰਿਸ਼ ਬਦਲਦਾ ਹੈ, ਪਿਛੋਕੜ ਵੀ ਬਦਲਦਾ ਹੈ। ਤੁਸੀਂ ਪਰਦੇ ਉੱਤੇ ਪਿਛੋਕੜ ਖਿੱਚ ਸਕਦੇ ਹੋ ਅਤੇ ਹੁੱਕਾਂ ਜਾਂ ਹੂਪਸ ਦੀ ਵਰਤੋਂ ਕਰਕੇ ਉਹਨਾਂ ਨੂੰ ਸਲਾਈਡ ਕਰ ਸਕਦੇ ਹੋ।

1. ਤੁਹਾਡੇ ਦੁਆਰਾ ਤਿਆਰ ਕੀਤੇ ਗਏ ਬੈਕਗ੍ਰਾਉਂਡ ਦਾ ਸੰਖੇਪ ਵਿੱਚ ਵਰਣਨ ਕਰੋ।

........................................................................................................

........................................................................................................

## ਗ. ਮੰਚ ਦੀ ਸਮੱਗਰੀ



ਚਿੱਤਰ 5.25: ਇੱਕ ਰੁੱਖ ਨੂੰ ਸਹਾਰੇ ਵਜੋਂ ਵਰਤਣਾ
ਇਸ ਤਸਵੀਰ ਵਿੱਚ ਇੱਕ ਬਾਂਦਰ ਨੂੰ ਦਰੱਖਤ ਤੋਂ ਸੇਬ ਤੋੜਦੇ ਹੋਏ ਦਿਖਾਇਆ ਗਿਆ ਹੈ। ਧਿਆਨ ਦਿਓ ਕਿ ਬਾਂਦਰ ਦਾ ਹੱਥ ਇਸ ਨਾਲ਼ ਲੱਗੀ ਸੋਟੀ ਦੀ ਵਰਤੋਂ ਕਰਕੇ ਹਿਲਾਇਆ ਜਾਂਦਾ ਹੈ।

ਮੰਚ ਦੀ ਸਮੱਗਰੀ ਦੀਆਂ ਕਿਸਮ ਇਸ ਗੱਲ ਉੱਤੇ ਨਿਰਭਰ ਕਰਦੀਆਂ ਹਨ ਕਿ ਉਹਨਾਂ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ। ਉਦਾਹਰਣ ਵਜੋਂ, ਅਸੀਂ ਇੱਕ ਕੁਰਸੀ, ਪਲੰਗ ਜਾਂ ਸਿੰਘਾਸਣ ਬਣਾਉਣ ਲਈ ਮੋਟੇ ਗੱਤੇ ਦੀ ਵਰਤੋਂ ਕਰ ਸਕਦੇ ਹਾਂ।

ਭਾਵੇਂ ਮੰਚ ਦੀ ਕੋਈ ਸਮੱਗਰੀ ਕਠਪੁਤਲੀ ਚਲਾਉਣ ਵਾਲੇ ਵੱਲੋਂ ਵਰਤੀ ਜਾਂ ਫੜੀ ਜਾ ਰਹੀ ਹੋਵੇ, ਤਾਂ ਵੀ ਉਹ ਬਹੁਤ ਹਲਕੀ ਹੋਣੀ ਚਾਹੀਦੀ ਹੈ। ਰੰਗਮੰਚ ਦੀ ਸਮੱਗਰੀ ਕਾਗਜ਼ (ਅਖ਼ਬਾਰ, ਚਪਾਤੀ), ਐਲੂਮੀਨੀਅਮ ਧਾਤੂ (ਤਲਵਾਰ, ਚਾਕੂ), ਗੱਤੇ ਜਾਂ ਇਕ ਵਾਰ ਵਰਤਣ ਵਾਲੇ (ਡਿਸਪੋਜ਼ੇਬਲ) ਬਰਤਨ (ਜਿਵੇਂ ਗੈਸ ਚੁੱਲ੍ਹਾ, ਪਲੇਟਾਂ ਆਦਿ) ਨਾਲ਼ ਬਣਾਈ ਜਾ ਸਕਦੀ ਹੈ (ਚਿੱਤਰ 5.25)।

1. ਸੰਖੇਪ ਵਿੱਚ ਮੰਚ ਦੀ ਸਮੱਗਰੀ ਦਾ ਵਰਣਨ ਕਰੋ ਜੋ ਤੁਸੀਂ ਤਿਆਰ ਕੀਤੇ ਹਨ।

........................................................................................................

........................................................................................................

## ਘ. ਆਵਾਜ਼

ਅਵਾਜ ਵਿੱਚ ਤਬਦੀਲੀ ਕਠਪੁਤਲੀ ਕਲਾ ਵਿੱਚ ਬਹੁਤ ਹੀ ਤਾਕਤਵਰ ਭੂਮਿਕਾ ਨਿਭਾਉਂਦੀ ਹੈ, ਕਿਉਂਕਿ ਕਠਪੁਤਲੀ ਚਲਾਉਣ ਵਾਲ਼ਾ ਵਿਅਕਤੀ ਆਪਣੀ ਆਵਾਜ਼ ਰਾਹੀਂ ਪਾਤਰਾਂ ਨੂੰ ਜੀਵੰਤ ਬਣਾਉਂਦਾ ਹੈ। ਹਰ ਕਠਪੁਤਲੀ ਨੂੰ ਵੱਖਰੀ ਆਵਾਜ਼ ਦੇਣਾ ਜ਼ਰੂਰੀ ਹੈ ਤਾਂ ਕਿ ਹਰ ਕਿਰਦਾਰ ਦੀ ਆਪਣੀ ਵੱਖਰੀ ਪਹਿਚਾਣ ਬਣੀ ਰਹੇ। ਉਦਾਹਰਣ ਲਈ, ਸ਼ੇਰ ਦੀ ਆਵਾਜ਼ ਗਹਿਰੀ ਅਤੇ ਹੁਕਮ ਭਰੀ ਹੋ ਸਕਦੀ ਹੈ, ਜਦਕਿ ਖਰਗੋਸ਼ ਦੀ ਆਵਾਜ਼ ਪਤਲੀ ਅਤੇ ਚੰਚਲ ਹੋ ਸਕਦੀ ਹੈ।

ਇਹ ਯਕੀਨੀ ਬਣਾਓ ਕਿ ਦਰਸ਼ਕ ਤੁਹਾਡੀ ਗੱਲ ਠੀਕ ਤਰ੍ਹਾਂ ਸਮਝ ਸਕਣ, ਇਸ ਲਈ ਸਪਸ਼ਟ ਅਤੇ ਉੱਚੀ ਆਵਾਜ਼ ਵਿੱਚ ਬੋਲੋ। ਆਵਾਜ਼ ਵਿੱਚ ਤਬਦੀਲੀ ਕਰਕੇ ਖੁਸ਼ੀ,

not to be republished © NCERT

ਡਰ ਜਾਂ ਜੋਸ਼ ਵਰਗੀ ਭਾਵਨਾਂ ਨੂੰ ਦਰਸਾਉਣ ਦਾ ਅਭਿਆਸ ਕਰੋ। ਉਦਾਹਰਣ ਲਈ, ਪਿੱਛਾ ਕਰਨ ਵਾਲੇ ਦ੍ਰਿਸ਼ ਦੌਰਾਨ ਡਰੀ ਹੋਈ ਆਵਾਜ਼ ਕੱਢੋ ਜਾਂ ਰੋਮਾਂਚਕ ਪਲ ਵਿੱਚ ਹੌਲੀ ਆਵਾਜ਼ ਨਾਲ਼ ਬੋਲੋ।

ਤੁਸੀਂ ਜੋ ਸਕ੍ਰਿਪਟ ਲਿਖੀ ਹੈ, ਉਸਨੂੰ ਵੇਖੋ। ਗੁੱਡੀਆਂ ਨਾਲ਼ ਸੰਵਾਦ ਬੋਲਣ ਦੀ ਅਭਿਆਸ ਕਰੋ। ਜਿੱਥੇ ਲੋੜ ਹੋਵੇ, ਉੱਥੇ ਇਕੱਠੇ ਧੁਨੀਆਂ ਕੱਢਣ ਜਾਂ ਗਾਉਣ ਦੀ ਵੀ ਅਭਿਆਸ ਕਰੋ। ਤੁਹਾਡੀ ਕਾਮਯਾਬੀ ਲਈ ਨਿਰੰਤਰ ਅਭਿਆਸ ਸਭ ਤੋਂ ਮਹੱਤਵਪੂਰਨ ਹੈ।

### ਙ. ਆਵਾਜ਼ ਅਤੇ ਸੰਗੀਤ

ਤੁਹਾਡੇ ਕੋਲ਼ ਕਠਪੁਤਲੀ ਸ਼ੋਅ ਵਿੱਚ ਵੱਖ-ਵੱਖ ਕਿਸਮਾਂ ਦੀਆਂ ਆਵਾਜ਼ਾਂ ਹੋਣੀਆਂ ਚਾਹੀਦੀਆਂ ਹਨ, ਜੋ ਸਕ੍ਰਿਪਟ ਦੇ ਬੈਕਗ੍ਰਾਉਂਡ ਸੰਗੀਤ ਜਾਂ ਆਵਾਜ਼ ਦੇ ਪ੍ਰਭਾਵਾਂ 'ਤੇ ਨਿਰਭਰ ਕਰਦੀਆਂ ਹਨ, ਜਿਵੇਂ ਕਿ ਮੀਂਹ ਤੋਂ ਪਹਿਲਾਂ ਬੱਦਲਾਂ ਦੀ ਗਰਜ। ਤੁਸੀਂ ਸੰਗੀਤ ਯੰਤਰਾਂ ਦੀ ਵਰਤੋਂ ਕਰ ਸਕਦੇ ਹੋ। ਪੈਨਸਿਲ, ਸਕੇਲ ਜਾਂ ਆਪਣੀਆਂ ਉਂਗਲਾਂ ਦੀ ਵਰਤੋਂ ਕਰਕੇ ਫਰਸ਼ ਜਾਂ ਡੈਸਕ 'ਤੇ ਟੈਪ ਕਰਕੇ ਆਵਾਜ਼ਾਂ ਬਣਾ ਸਕਦੇ ਹੋ। ਤੁਸੀਂ ਵੱਖ-ਵੱਖ ਪਾਣੀ ਵਾਲੇ ਗਲਾਸ ਜਾਂ ਬੋਤਲਾਂ 'ਤੇ ਟੈਪ ਕਰਕੇ ਵੀ ਸੰਗੀਤ ਬਣਾ ਸਕਦੇ ਹੋ। ਤੁਸੀਂ ਸਾਊਂਡ ਸਿਸਟਮ ਦੀ ਵਰਤੋਂ ਕਰਕੇ ਵੱਖ-ਵੱਖ ਸਾਊਂਡ ਇਫੈਕਟ ਨਾਲ਼ ਪ੍ਰਯੋਗ ਕਰ ਸਕਦੇ ਹੋ; ਉਦਾਹਰਣ ਲਈ, ਮਾਈਕ੍ਰੋਫ਼ੋਨ ਵਿੱਚ ਸੀਟੀ ਵਜਾਉਣ ਨਾਲ਼ ਹਵਾ ਦੀ ਆਵਾਜ਼ ਪੈਦਾ ਹੁੰਦੀ ਹੈ (ਚਿੱਤਰ 5.26)।



**ਚਿੱਤਰ 5.26:** *ਸੰਗੀਤ ਬਣਾਉਣਾ*

ਆਪਣੀ ਸਕ੍ਰਿਪਟ (ਸਾਰਣੀ 5.3) ਨੂੰ ਵੇਖੋ ਤਾਂ ਜੋ ਤੁਸੀਂ ਇਹ ਫੈਸਲਾ ਕਰ ਸਕੋ ਕਿ ਕਿਹੜਾ ਸੰਗੀਤ ਅਤੇ ਕਿਹੜੀ ਧੁਨੀ ਦੇਣੀ ਹੈ, ਅਤੇ ਇਹ ਵੀ ਨਿਸ਼ਚਿਤ ਕਰੋ ਕਿ ਇਹ ਆਵਾਜ਼ਾਂ ਤੁਸੀਂ ਕਿਵੇਂ ਤਿਆਰ ਕਰੋਗੇ।

ਤੁਸੀਂ ਇੰਟਰਨੈੱਟ 'ਤੇ ਸੰਗੀਤ ਲੱਭ ਸਕਦੇ ਹੋ। + ਖੋਜ ਕਰਨ ਲਈ ਇਹ ਕੀ-ਵਰਡ ਲਿਖੋ: + ਸੈਲੀਬ੍ਰੇਸ਼ਨ+ ਐਕਸਾਈਟਿੰਗ + ਮਿਊਜ਼ਿਕ+ ਨੋ ਕਾਪੀਰਾਈਟ

### ਚ. ਪ੍ਰਕਾਸ਼

ਕਠਪੁਤਲੀ ਕਲਾ ਵਿੱਚ ਰੌਸ਼ਨੀ ਦੀ ਲੋੜ ਦੋ ਕਾਰਨਾਂ ਕਰਕੇ ਹੁੰਦੀ ਹੈ। ਇੱਕ ਤਾਂ ਇਹ

ਕਿ ਦਰਸ਼ਕ ਕਠਪੁਤਲੀਆਂ ਨੂੰ ਸਪਸ਼ਟ ਤੌਰ 'ਤੇ ਦੇਖ ਸਕਣ, ਅਤੇ ਦੂਜਾ ਵਿਸ਼ੇਸ਼ ਪ੍ਰਭਾਵ ਪੈਦਾ ਕਰਨ ਲਈ। ਜੇ ਸ਼ੋਅ ਦਿਨ ਦੇ ਸਮੇਂ ਬਾਹਰ ਹੋਵੇ, ਤਾਂ ਰੌਸ਼ਨੀ ਦੀ ਲੋੜ ਨਹੀਂ ਹੁੰਦੀ। ਪਰ ਜੇ ਸ਼ੋਅ ਹਨੇਰੇ ਵਾਲੀ ਥਾਂ 'ਤੇ ਕੀਤਾ ਜਾ ਰਿਹਾ ਹੈ, ਤਾਂ ਰੌਸ਼ਨੀ ਦੇ ਸਹੀ ਸਥਾਨ ਦੀ ਯੋਜਨਾ ਬਣਾਉਣੀ ਪਏਗੀ। ਉਦਾਹਰਣ ਵਜੋਂ, ਤੁਸੀਂ ਪਰਦੇ ਦੇ ਪਿੱਛੇ ਟਾਰਚ ਰੱਖ ਕੇ ਚੰਦ, ਸੂਰਜ ਜਾਂ ਜਾਦੂ ਦੀ ਦੀਵਾ ਦਿਖਾ ਸਕਦੇ ਹੋ। ਤੁਸੀਂ ਰੋਮਾਂਚਕ ਲਾਈਟਾਂ, ਟੇਬਲ ਲੈਂਪ ਜਾਂ ਮਿੱਟੀ ਦੇ (ਦੀਵੇ) ਆਦਿ ਦੀ ਵੀ ਵਰਤੋਂ ਕਰ ਸਕਦੇ ਹੋ।

ਆਪਣੀ ਸਕ੍ਰਿਪਟ (ਸਾਰਣੀ 5.3) ਨੂੰ ਵੇਖੋ, ਤਾਂ ਜੋ ਤੁਸੀਂ ਇਹ ਫੈਸਲਾ ਕਰ ਸਕੋ ਕਿ ਕਿਹੜਾ ਸੰਗੀਤ ਅਤੇ ਕਿਹੜੇ ਧੁਨੀ ਪ੍ਰਭਾਵ ਵਰਤਣੇ ਹਨ ਅਤੇ ਇਹ ਵੀ ਫ਼ੈਸਲਾ ਕਰੋ ਕਿ ਇਹ ਆਵਾਜ਼ਾਂ ਤੁਸੀਂ ਕਿਵੇਂ ਤਿਆਰ ਕਰੋਗੇ।

### ਛ ਕਠਪੁਤਲੀ ਸੰਚਾਲਕ

ਕਠਪੁਤਲੀ ਬਣਾਉਣ ਵਾਲੇ ਨੂੰ ਸੰਵਾਦ ਦੀ ਚੰਗੀ ਤਰ੍ਹਾਂ ਅਭਿਆਸ ਕਰਨ ਦੀ ਜ਼ਰੂਰਤ ਹੁੰਦੀ ਹੈ। ਯਾਦ ਰੱਖੋ, ਕਠਪੁਤਲੀ ਬੋਲ ਰਹੀ ਹੈ, ਤੁਸੀਂ ਨਹੀਂ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਠਪੁਤਲੀ ਸਟੇਜ 'ਅੰਦਰ' ਵਿੱਚ ਕਦੋਂ ਦਾਖਲ ਹੋਵੇਗੀ ਅਤੇ ਸਟੇਜ 'ਤੋਂ ਬਾਹਰ' ਕਦੋਂ ਨਿਕਲਣੀ ਹੈ।

ਦੂਜੀ ਗੱਲ ਇਹ, ਜਦੋਂ ਕਠਪੁਤਲੀ ਦਰਸ਼ਕਾਂ ਨਾਲ਼ ਗੱਲ ਕਰਦੀ ਹੈ, ਤਾਂ ਕਠਪੁਤਲੀ ਚਲਾਉਣ ਵਾਲ਼ੇ ਨੂੰ ਕਠਪੁਤਲੀ ਵੱਲ ਦੇਖਣਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਕਠਪੁਤਲੀ ਚਲਾਉਣ ਵਾਲੇ ਦਾ ਚਿਹਰਾ ਸਿੱਧਾ ਤੇ ਬਿਨ੍ਹਾਂ ਹਾਵ-ਭਾਵ ਵਾਲ਼ਾ ਹੋਣਾ ਚਾਹੀਦਾ ਹੈ, ਤਾਂ ਜੋ ਦਰਸ਼ਕ ਕਠਪੁਤਲੀ ਵੱਲ ਦੇਖਣ, ਤੁਹਾਡੇ ਵੱਲ ਨਹੀਂ।

## ਗਤੀਵਿਧੀ 8: ਕਠਪੁਤਲੀ ਸ਼ੋਅ ਲਗਾਉਣਾ

ਹੁਣ ਸ਼ੋਅ ਸ਼ੁਰੂ ਕਰਨ ਦਾ ਸਮਾਂ ਹੈ। ਸ਼ੋਅ ਸ਼ੁਰੂ ਕਰਨ ਤੋਂ ਪਹਿਲਾਂ ਸਾਰਣੀ 5.5 ਵਿੱਚ ਦਿੱਤੀ ਸੂਚੀ ਨੂੰ ਜ਼ਰੂਰ ਦੇਖੋ, ਤਾਂ ਜੋ ਕੁਝ ਵੀ ਭੁੱਲ ਨਾ ਜਾਏ।

**ਸਾਰਣੀ 5.5: ਸ਼ੋਅ ਤੋਂ ਪਹਿਲਾਂ ਜਾਂਚ ਸੂਚੀ**

| ਲੜੀ ਅੰਕ | ਪ੍ਰਸ਼ਨ | ਹਾਂ/ਨਹੀਂ। |
|---|---|---|
| 1. | ਕੀ ਤੁਹਾਡੀ ਸਕ੍ਰਿਪਟ ਤਿਆਰ ਹੈ ? | |
| 2. | ਕੀ ਤੁਸੀਂ ਹਰੇਕ ਪਾਤਰ ਲਈ ਕਠਪੁਤਲੀਆਂ ਬਣਾਈਆਂ ਹਨ ? | |
| 3. | ਕੀ ਕਠਪੁਤਲੀਆਂ ਲਈ ਪੁਸ਼ਾਕ ਤਿਆਰ ਹੈ ? | |
| 4. | ਕੀ ਤੁਸੀਂ ਕਠਪੁਤਲੀਆਂ ਨੂੰ ਹਿਲਾ ਸਕਦੇ ਹੋ? | |
| 5. | ਕਿ ਤੁਸੀਂ ਪੂਰੀ ਕਹਾਣੀ ਦਾ ਕ੍ਰਮ ਅਤੇ ਸੰਵਾਦ ਤੈਅ ਕਰ ਲਏ ਹਨ? | |
| 6. | ਕੀ ਮੰਚ ਤਿਆਰ ਹੈ? | |
| 7. | ਕੀ ਤੁਸੀਂ ਤਿਆਰ ਹੋ? | |
| 8. | ਕੀ ਤੁਸੀਂ ਪਿੱਛੇ ਚਲਣ ਵਾਲ਼ਾ ਸੰਗੀਤ, ਆਵਾਜ਼ਾਂ ਅਤੇ ਰੌਸ਼ਨੀ ਦੇ ਪ੍ਰਭਾਵ ਤੈਅ ਕਰ ਲਏ ਹਨ? | |
| 9. | ਕੀ ਤੁਸੀਂ ਅਭਿਆਸ ਕੀਤੀ ਹੈ? | |
| 10. | ਕੀ ਤੁਸੀਂ ਫੈਸਲਾ ਕੀਤਾ ਹੈ ਕਿ ਸ਼ੋਅ ਨੂੰ ਕੌਣ ਪੇਸ਼ ਕਰੇਗਾ ਅਤੇ ਸ਼ੋਅ ਤੋਂ ਬਾਅਦ ਕਲਾਕਾਰਾਂ ਨੂੰ ਕੌਣ ਪੇਸ਼ ਕਰੇਗਾ? | |

© NCERT not to be republished

ਹੇਠਾਂ ਦਿੱਤੀ ਜਗ੍ਹਾ ਵਿੱਚ ਸਟੇਜ ਅਤੇ ਬੈਠਣ ਵਾਲੇ ਖੇਤਰ ਦਾ ਇੱਕ ਖਾਕਾ ਬਣਾਓ।

ਜਦੋਂ ਸਾਰੀ ਤਿਆਰੀ ਮੁਕੰਮਲ ਹੋ ਜਾਵੇ, ਤਾਂ ਤੁਸੀਂ ਕੌਸ਼ਲ ਮੇਲੇ ਵਿੱਚ ਇੱਕ ਕਠਪੁਤਲੀ ਸ਼ੋਅ ਆਯੋਜਿਤ ਕਰ ਸਕਦੇ ਹੋ।.

ਸਮਾਪਤ ਹੋਣ ਤੋਂ ਬਾਅਦ, ਸਾਰੇ ਪ੍ਰਦਰਸ਼ਨਕਾਰੀ ਦਰਸ਼ਕਾਂ ਨੂੰ ਝੁਕ ਕੇ ਨਮਸਕਾਰ ਕਰਨ। ਟੀਮ ਦਾ ਇੱਕ ਮੈਂਬਰ ਨੂੰ ਸਾਰੇ ਸਹਿਯੋਗੀ ਮੈਂਬਰਾ ਦੀ ਜਾਣ-ਪਛਾਣ ਦਰਸ਼ਕਾਂ ਨਾਲ਼ ਕਰਵਾਉਣ। ਕਹਾਣੀ ਦੇ ਲੇਖਕ ਦਾ ਜ਼ਰੂਰ ਉਲੇਖ ਕਰੋ ਅਤੇ ਉਹਨਾਂ ਸਭ ਦਾ ਧੰਨਵਾਦ ਕਰੋ ਜਿਨ੍ਹਾਂ ਨੇ ਸ਼ੋਅ ਤਿਆਰ ਕਰਨ ਵਿੱਚ ਮਦਦ ਕੀਤੀ।

ਤੁਸੀਂ ਕਲਾਕਾਰਾਂ ਦੇ ਨਾਮ ਸਾਰਣੀ 5.6 ਵਿੱਚ ਲਿਖ ਸਕਦੇ ਹੋ। ਉਹਨਾਂ ਦੇ ਕੰਮ ਕਠਪੁਤਲੀ ਚਲਾਉਣਾ, ਸਕ੍ਰਿਪਟ ਲਿਖਣਾ, ਸੰਗੀਤ ਬਣਾਉਣਾ, ਚਿੱਤਰਕਾਰੀ ਕਰਨੀ, ਕਠਪੁਤਲੀ ਬਣਾਉਣਾ, ਰੌਸ਼ਨੀ ਵਿਵਸਥਾ ਆਦਿ ਹੋ ਸਕਦੇ ਹਨ।

**ਸਾਰਣੀ 5.6: ਕਠਪੁਤਲੀ ਪ੍ਰੋਗਰਾਮ ਦੇ ਕਲਾਕਾਰ**

| ਲੜੀ ਅੰਕ | ਕਲਾਕਾਰ ਦਾ ਨਾਮ | ਭੂਮਿਕਾ |
|---|---|---|
| 1. | | |
| 2. | | |
| 3. | | |
| 4. | | |
| 5. | | |

© NCERT not to be republished

ਸ਼ੋਅ ਖਤਮ ਹੋਣ ਤੋਂ ਬਾਅਦ, ਦਰਸ਼ਕਾਂ ਤੋਂ ਪੁੱਛੋ ਕਿ ਉਹਨਾਂ ਨੂੰ ਪ੍ਰਦਰਸ਼ਨ ਕਿਵੇਂ ਲੱਗਿਆ। ਤੁਸੀਂ ਦਰਸ਼ਕਾਂ ਨੂੰ ਹੇਠ ਲਿਖੇ ਪ੍ਰਸ਼ਨ ਪੁੱਛ ਸਕਦੇ ਹੋ:

1. ਦਰਸ਼ਕਾਂ ਨੂੰ ਸ਼ੋਅ ਦਾ ਕਿਹੜਾ ਹਿੱਸਾ ਸਭ ਤੋਂ ਜ਼ਿਆਦਾ ਪਸੰਦ ਆਇਆ?

   ..................................................................................................

   ..............................................................................................

2. ਸ਼ੋਅ ਨੂੰ ਹੋਰ ਬਿਹਤਰ ਬਣਾਉਣ ਲਈ ਦਰਸ਼ਕਾਂ ਦੇ ਕੀ ਸੁਝਾਅ ਹਨ?

   ..................................................................................................

   ..................................................................................................

## ਮੈਂ ਦੂਜਿਆਂ ਤੋਂ ਕੀ ਸਿੱਖਿਆ ਹੈ?

ਇਹ ਕਠਪੁਤਲੀਆਂ ਬਣਾਉਣ ਲਈ ਹੋ ਸਕਦਾ ਹੈ ਕਿ ਤੁਸੀਂ ਆਪਣੇ ਭਾਈਚਾਰੇ ਜਾਂ ਦੋਸਤਾਂ ਤੋਂ ਮਦਦ ਅਤੇ ਮਾਰਗਦਰਸ਼ਨ ਲਿਆ ਹੋਵੇ। ਜਿਵੇਂ ਸਾਊਂਡ ਅਤੇ ਲਾਈਟ ਸ਼ੋਅ ਲਈ, ਪੁਸ਼ਾਕਾਂ ਲਈ ਜਾਂ ਮੰਚ ਸਥਾਪਤ ਕਰਨ ਲਈ ਹੋ ਸਕਦਾ ਹੈ। ਕਿਰਪਾ ਕਰਕੇ ਤਿੰਨ ਸਭ ਤੋਂ ਮਹੱਤਵਪੂਰਨ ਗੱਲਾਂ ਲਿਖੋ ਜੋ ਤੁਸੀਂ ਇਸ ਤਜ਼ਰਬੇ ਤੋਂ ਸਿੱਖੀਆਂ ਹਨ।

..............................................................................................................

..............................................................................................................

..............................................................................................................

## ਮੈਂ ਕੀ ਕਾਰਜ ਕੀਤਾ ਅਤੇ ਇਹ ਕਰਨ ਵਿੱਚ ਕਿੰਨਾ ਸਮਾਂ ਲੱਗਿਆ?

ਇਹ ਸਮਝਣਾ ਮਹੱਤਵਪੂਰਨ ਹੈ ਕਿ ਕਿਸੇ ਗਤੀਵਿਧੀ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਲੱਗਦਾ ਹੈ।

ਹਰੇਕ ਗਤੀਵਿਧੀ 'ਤੇ ਤੁਸੀਂ ਲਗਭਗ ਕਿੰਨਾ ਸਮਾਂ (ਘੰਟਿਆਂ ਵਿੱਚ) ਲਗਾਇਆ, ਇਸ ਦੀ ਗਿਣਤੀ ਕਰੋ। ਇਹ ਸਮਾਂ ਹੇਠਾਂ ਦਿੱਤੀ ਸਮੇਂ-ਸੀਮਾ 'ਤੇ ਦਰਸਾਓ। ਜੇ ਤੁਸੀਂ ਕਿਤਾਬ ਵਿੱਚ ਸੁਝਾਏ ਕੰਮਾਂ ਤੋਂ ਇਲਾਵਾ ਹੋਰ ਗਤੀਵਿਧੀਆਂ ਕੀਤੀਆਂ ਹਨ, ਤਾਂ ਉਹਨਾਂ ਦੇ ਨਾਮ ਅਤੇ ਲੱਗਿਆ ਸਮਾਂ ਵੀ ਸ਼ਾਮਲ ਕਰੋ।

| | | | | | | | | |
|---|---|---|---|---|---|---|---|---|
| *ਗਤੀਵਿਧੀ* | *1* | *2* | *3* | *4* | *5* | *6* | *7* | *8* |
| *ਸਮਾਂ ਲੱਗਿਆ (ਪੀਰੀਅਡ)* | --- | --- | --- | --- | --- | --- | --- | --- |

© NCERT not to be republished

## ਮੈਂ ਹੋਰ ਕੀ ਕਰ ਸਕਦਾ/ਸਕਦੀ ਹਾਂ ?

1. ਆਪਣੀਆਂ ਕਠਪੁਤਲੀਆਂ ਵਿੱਚ ਵਧੇਰੇ ਗਤੀਸ਼ੀਲਤਾ ਸ਼ਾਮਲ ਕਰੋ। ਤੁਸੀਂ ਸ਼ੋਅ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਹੱਥਾਂ, ਲੱਤਾਂ ਜਾਂ ਗਰਦਨ ਵਿੱਚ ਹਿਲਾ-ਜੁਲਾ ਸਕਦੇ ਹਾਂ।
2. ਪ੍ਰਕਾਸ਼, ਸ਼ੀਸ਼ਾ ਅਤੇ ਪਰਛਾਵੇਂ ਦੀ ਵਰਤੋਂ ਕਰਕੇ ਰੌਸ਼ਨੀ ਦੇ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕਰੋ।
3. ਕੀ ਤੁਸੀਂ ਐਨੀਮੇਸ਼ਨ ਬਣਾਉਣ ਲਈ ਕਠਪੁਤਲੀਆਂ ਅਤੇ ਕੰਪਿਊਟਰ ਸਾਫਟਵੇਅਰ ਦੀ ਵਰਤੋਂ ਕਰ ਸਕਦੇ ਹੋ ?

   **ਸੰਕੇਤ** : ਤੁਸੀਂ ਕਾਗਜ਼ ਦੇ ਕੱਟ-ਆਊਟ ਤਿਆਰ ਕਰਕੇ ਸਟਾਪ-ਮੋਸ਼ਨ ਐਪਲੀਕੇਸ਼ਨ ਦੀ ਮਦਦ ਨਾਲ਼ ਉਨ੍ਹਾਂ ਵਿੱਚ ਹਿਲਜੁਲ(ਗਤੀ) ਪੈਦਾ ਕਰ ਸਕਦੇ ਹੋ।

## ਸੋਚੋ ਅਤੇ ਉੱਤਰ ਦਿਓ

1. ਤੁਹਾਨੂੰ ਕਿਹੜਾ ਕੰਮ ਕਰਨ ਵਿੱਚ ਸਭ ਤੋਂ ਵੱਧ ਆਨੰਦ ਆਇਆ?
2. ਤੁਹਾਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ?
3. ਅਗਲੀ ਵਾਰ ਤੁਸੀਂ ਇਹ ਕੰਮ ਕਿਵੇਂ ਵੱਖਰੇ ਤਰੀਕੇ ਨਾਲ਼ ਕਰੋਗੇ?
4. ਆਪਣੀ ਸਕ੍ਰਿਪਟ ਅਤੇ ਕਠਪੁਤਲੀ ਸ਼ੋਅ ਦੀ ਤੁਲਨਾ ਕਿਸੇ ਫਿਲਮ, ਟੀਵੀ ਸ਼ੋਅ, ਕਾਰਟੂਨ, ਐਨੀਮੇਸ਼ਨ ਜਾਂ ਕਿਸੇ ਹੋਰ ਸ਼ੋਅ ਨਾਲ਼ ਕਰੋ। ਉਹਨਾਂ ਵਿੱਚ ਕਿਹੜੀਆਂ ਸਮਾਨਤਾਵਾਂ ਅਤੇ ਅੰਤਰ ਹਨ ?
5. ਤੁਸੀਂ ਹੁਣ ਜੋ ਕੰਮ ਕੀਤਾ ਹੈ, ਉਸ ਨਾਲ਼ ਸੰਬੰਧਤ ਕੁਝ ਨੌਕਰੀਆਂ ਦੇ ਉਦਾਹਰਣਾਂ ਦੀ ਪਛਾਣ ਕਰੋ। ਉਦਾਹਰਣ ਵਜੋਂ, ਸਕ੍ਰਿਪਟ ਲੇਖਕ, ਕਠਪੁਤਲੀ ਨਿਰਮਾਤਾ, ਪੁਸ਼ਾਕ ਡਿਜ਼ਾਈਨਰ, ਆਵਾਜ਼ ਸੰਸ਼ੋਧਨ, ਹਲਕਾ ਅਤੇ ਆਵਾਜ਼ ਟੈਕਨੀਸ਼ੀਅਨ। ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਨਾਲ਼ ਗੱਲਬਾਤ ਕਰੋ ਅਤੇ ਆਪਣਾ ਉੱਤਰ ਲਿਖੋ।

© NCERT not to be republished